ੴ ਵਾਹਿਗੁਰੂ ਜੀ ਕੀ ਫ਼ਤਿਹ॥

ਕੋ ਵਿਰਲਾ ਗੁਰਮਤਿ ਚਲੈ ਜੀਉ

ਲਿਖਤ :

ਭਾਈ ਸਾਹਿਬ ਰਣਧੀਰ ਸਿੰਘ

ਪ੍ਰਕਾਸ਼ਕ :

ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ,

ਐਫ-ਬਲਾਕ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ

thebhaisahibtrust@rediffmail.com

thebhaisahibtrust@gmail.com



"ਕੋ ਵਿਰਲਾ ਗੁਰਮਤਿ ਚਲੈ ਜੀਉ॥"

ਉਪਰਲੇ ਹੁਕਮ ਦੀ ਰੌਸ਼ਨੀ ਅਨੁਸਾਰ ਬਹੁਤ ਵਿਰਲੇ ਜਨ ਹੀ ਹਨ ਜੋ ਅਮਲੀ ਤੌਰ ਤੇ ਆਪਣਾ ਗੁਰਮਤਿ ਜੀਵਨ ਢਾਲਦੇ ਹਨ। ਗੁਰਮਤਿ ਦਾ ਪਰਮ ਜ਼ਰੂਰੀ ਹੁਕਮ ਹੈ ਕਿ ਗੁਰਮਤਿ ਉਪਰ ਜੋ ਵਿਰਲੇ ਜਨ ਚਲਦੇ ਹਨ, ਉਨ੍ਹਾਂ ਲਈ ਪਰਮ ਲਾਜ਼ਮੀ ਤੌਰ ਤੇ ਇਸ ਤੁਕ ਅਨੁਸਾਰ :

ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ॥ ਵਡਭਾਗੀ ਹਰਿ ਨਾਮੁ ਧਿਆਇਆ॥

ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ॥

ਰਾਗੁ ਮਾਝ ਚਉਪਦੇ, ਮ: ੪॥੧॥੧॥, (੯੪)

ਇਹ ਫ਼ਰਜ਼ ਹੋ ਜਾਂਦਾ ਹੈ ਕਿ ਓਹ ਵਾਹਿਗੁਰੂ ਨਾਮ ਨੂੰ ਦਮ-ਬਦਮ ਜਪਣ। ਪਰੰਤੂ ਆਪਣੀ ਮਨ ਦੀ ਮਤ ਅਨੁਸਾਰ ਬਹੁਤ ਸਾਰੇ ਮਨਮਤੀ ਪੁਰਸ਼ ਆਨਮਤਾਂ ਦਾ ਸਹਾਰਾ ਲੈਂਦੇ ਹੋਏ ਨਾਮ ਜਪਣ ਨੂੰ ਲਾਜ਼ਮੀ ਅਮਰ ਨਹੀਂ ਸਮਝਦੇ, ਹਾਲਾਂਕਿ ਇਸੇ ਤੁਕ ਵਿਚ ਹੀ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਨਾਮ ਜਪਣਾ ਗੁਰਮਤਿ-ਨਾਮ ਅਭਿਲਾਸ਼ੀਆਂ ਲਈ ਪਰਮ ਜ਼ਰੂਰੀ ਅਤੇ ਲਾਜ਼ਮੀ ਅੰਗ ਹੈ। ਸਚੀ ਗੁਰਮਤਿ ਉਤੇ ਓਹੀ ਜਨ ਚਲਦੇ ਹਨ ਜੋ ਗੁਰਮਤਿ ਨਾਮ ਦਾ ਸ੍ਵਾਸ-ਸ੍ਵਾਸ ਅਭਿਆਸ ਕਰਦੇ ਹਨ। ਪਰੰਤੂ ਇਹ ਅਭਿਆਸ ਗੁਰੂ ਪੂਰੇ ਦੁਆਰਾ ਹੀ ਦ੍ਰਿੜ੍ਹ ਹੋ ਸਕਦਾ ਹੈ। **ਗੁਰ ਪੂਰਾ ਕੇਵਲ ਗੁਰੂ ਨਾਨਕ ਸਾਹਿਬ ਹੀ ਹੈ, ਹੋਰ ਸਭ ਊਰੇ ਅਤੇ ਅਧੂਰੇ ਗੁਰੂ ਹੀ ਹਨ।** ਵਾਹਿਗੁਰੂ ਨਾਮ ਜਪਣ-ਮਈ ਸਿਧੀ ਦੇ ਸਿਧਾਂਤ ਉਪਰ ਕੇਵਲ ਓਹੀ ਵਡਭਾਗੇ ਜਨ ਚਲਦੇ ਹਨ, ਜਿਨ੍ਹਾਂ ਨੂੰ ਕੇਵਲ ਗੁਰੂ ਨਾਨਕ ਸਾਹਿਬ ਜੀ ਦੇ ਦਵਾਰਿਓਂ ਵਾਹਿਗੁਰੂ ਨਾਮ ਜਪਣ-ਮਈ ਸਿਧੀ ਦੀ ਵਡਭਾਗਤਾ ਪ੍ਰਾਪਤ ਹੁੰਦੀ ਹੈ। ਕੀ ਉਹ ਪੁਰਸ਼ ਗੁਰਮਤਿ ਦੇ ਸਚੇ ਸਿਧਾਂਤ ਉਪਰ ਚਲਣ ਵਾਲੇ ਹਨ, ਜੋ ਆਪਣੀ ਮਤੜੀ ਕੁਮਤੜੀ ਦੁਆਰਾ ਗੁਰਮਤਿ ਨਾਮ ਜਪਣ ਨੂੰ ਜ਼ਰੂਰੀ ਨਹੀਂ ਸਮਝਦੇ ਅਤੇ ਵੇਦਾਂਤ ਆਦਿਕ ਆਨਮਤਿ ਆਦਰਸ਼ਾਂ ਦਾ ਸਹਾਰਾ ਲੈ ਕੇ ਅਸਲ ਗੁਰਮਤਿ ਸਿਧਾਂਤ ਤੋਂ ਮੁਨਕਰ ਹੋ ਜਾਂਦੇ ਹਨ ?

ਅਣਹੋਈ **ਕਲਪਣਾ** (meditation) ਦੁਆਰਾ ਮਨ ਨੂੰ ਵਸਗਤਿ ਕਰਨਾ ਕੇਵਲ ਆਨਮਤਿ ਸਿਧਾਂਤ ਹੀ ਹੈ। ਇਸ ਆਨਮਤਿ ਦੇ ਸਿਧਾਂਤ ਦੁਆਰਾ ਮਨ ਕਦੀ ਭੀ ਵਸਗਤਿ ਨਹੀਂ ਹੋ ਸਕਦਾ, ਜੋ ਗੁਰਮਤਿ ਆਸ਼ੇ ਦੇ ਐਨ ਉਲਟ ਹੈ। ਕੋ ਵਿਰਲਾ, ਗੁਰਮਤਿ ਆਸ਼ੇ ਅਨੁਸਾਰ ਚਲਣ ਵਾਲਾ ਵਡਭਾਗਾ ਜਨ ਕਦੇ ਵੀ ਇਨ੍ਹਾਂ ਆਨਮਤੀ ਸਿਧਾਂਤਾਂ ਦਾ ਆਸਰਾ ਨਹੀਂ ਲੈਂਦਾ। ਜੋ ਲੈਂਦਾ ਹੈ ਉਹ ਗੁਰਮਤਿ ਅਨੁਸਾਰ ਉਕਾ ਹੀ ਨਹੀਂ ਚਲਦਾ। ਤਾਂ ਤੇ ਇਹ ਸਿਧ ਹੋਇਆ ਕਿ ਗੁਰਮਤਿ ਅਨੁਸਾਰ ਚਲਣ ਵਾਲਾ ਕੋਈ ਵਿਰਲਾ ਜਨ ਹੀ ਹੈ।

ਗੁਰੂ ਨਾਨਕ ਸਾਹਿਬ ਜੀ ਪੂਰੇ ਗੁਰੂ ਹਨ; ਹੋਰ ਸਭ ਅੰਧੁਲੇ ਅਗਿਆਨੀ ਗੁਰਮਤਿ ਅਕਲ ਤੋਂ ਊਰੇ ਅਧੂਰੇ ਪੁਰਸ਼ ਹੀ ਆਪਣੇ ਆਪ ਨੂੰ ਗੁਰੂ ਕਹਾਉਂਦੇ ਹਨ, ਜਿਨ੍ਹਾਂ ਨੂੰ ਰੰਚਕ ਮਾਤ੍ਰ ਭੀ ਗੁਰਮਤਿ ਦਾ ਲੇਸ ਨਹੀਂ ਹੁੰਦਾ। ਵਾਸਤਵ ਵਿਚ ਉਹ ਘੁਘ-ਮਟ-ਵਾਸੀ ਅਲਪਗ ਇਨਸਾਨ ਹਨ, ਜੋ ਆਪਣੇ ਆਪ ਨੂੰ ਗੁਰੂ ਸਦਵਾਣ ਦੀ ਹਮਾਕਤ ਕਰਦੇ ਹਨ। ਗੁਰਮਤਿ ਉਪਰ ਚਲਣ ਵਾਲਾ ਕੇਵਲ ਓਹੀ ਸਜਨ ਹੈ ਜੋ ਗੁਰੂ ਨਾਨਕ ਸਾਹਿਬ ਦੀ ਦ੍ਰਿੜ੍ਹਾਈ ਦਰਸਾਈ ਮਤੜੀ ਸੁਮਤੜੀ ਗੁਰਮਤਿ ਉਤੇ ਚਲਦਾ ਹੈ। ਓਸੇ, ਕੇਵਲ ਓਸੇ ਨੂੰ ਹੀ ਵਾਹਿਗੁਰੂ ਨਾਮ ਜਪਣ-ਮਈ ਸਿਧੀ ਰੂਪੀ ਸਿਧਾਂਤ ਨਸੀਬ ਹੁੰਦਾ ਹੈ। ਹੋਰ ਸਭ ਪੁਰਸ਼ ਆਪੋ ਆਪਣੀ ਮਤੜੀ ਕੁਮਤੜੀ ਅਨੁਸਾਰ ਆਪਣੇ ਜੀਵਨ ਨੂੰ ਢਾਲਦੇ ਹਨ, ਪਰੰਤੂ ਸਚੀ ਗੁਰਮਤਿ ਤੋਂ ਕੋਸੋਂ ਪਰੇਡੇ ਚਲੇ ਜਾਂਦੇ ਹਨ।

"ਕੋ ਵਿਰਲਾ ਗੁਰਮਤਿ ਚਲੈ ਜੀਉ" ਵਾਲਾ ਗੁਰਮਤਿ ਫ਼ਤਵਾ ਸਚੜਾ ਅਤੇ ਸੁਚਜੜਾ ਹੈ। ਏਸੇ ਤੋਂ ਅਗਲੀ ਗੁਰਬਾਣੀ ਰੂਪੀ ਗੁਰਮਤਿ ਪੰਗਤੀ ਹੋਰ ਭੀ ਏਸੇ ਸਿਧਾਂਤ ਨੂੰ ਦ੍ਰਿੜ੍ਹਾਉਂਦੀ ਹੈ। ਯਥਾ :—

> **ਮੈ ਹਰਿ ਹਰਿ ਖਰਚੁ ਲਇਆ ਬੰਨਿ ਪਲੈ॥ ਮੇਰਾ ਪ੍ਰਾਣ ਸਖਾਈ ਸਦਾ ਨਾਲਿ ਚਲੈ॥ ਗੁਰਿ ਪੂਰੈ ਹਰਿਨਾਮੁ ਦਿੜਾਇਆ ਹਰਿ ਨਿਹਚਲੁ ਹਰਿ ਧਨੁ ਪਲੈ ਜੀਉ॥੨॥**

ਰਾਗੁ ਮਾਝ ਚਉਪਦੇ, ਮ: ੪॥੨॥੧॥, (੯੪)

ਇਹ ਗੁਰ-ਪੰਗਤੀ ਸਪੱਸ਼ਟ ਤੌਰ ਤੇ ਦ੍ਰਿੜ੍ਹਾਉਂਦੀ ਹੈ ਕਿ ਗੁਰਮਤਿ ਨਾਮ ਜਪਣਾ, ਅਰਾਧਣਾ ਹੀ ਪ੍ਰਾਣਾਂ-ਮਈ ਰਖ਼ਸ਼ਾ ਕਰ ਸਕਦਾ ਹੈ। ਨਿਹਚਲਤਾ ਸਹਿਤ ਵਾਹਿਗੁਰੂ ਨਾਮ ਰੂਪੀ ਧਨ ਤਿਨ੍ਹਾਂ ਦੇ ਹੀ ਪਲੇ ਪੈਂਦਾ ਹੈ, ਜੋ ਗੁਰੂ ਨਾਨਕ ਸਾਹਿਬ ਮਈ ਪੂਰੇ ਸਤਿਗੁਰੂ ਨੂੰ ਧਿਆਉਂਦੇ ਅਤੇ ਧਿਆਇ ਧਿਆਇ ਬਿਗਸਾਉਂਦੇ ਹਨ। ਗੁਰਮਤਿ ਨਾਮ ਦੇ ਸਚੇ ਬੈਰਾਗੀਅੜੇ, ਸਚੇ **ਗੁਰਮੁਖਿ** ਜਨਾਂ ਉਪਰ ਹੀ ਇਹ ਸਚੜਾ ਗੁਰਮਤਿ ਸਿਧਾਂਤ ਘਟ ਸਕਦਾ ਹੈ। ਨੀਰ ਵਹੇ ਵਹਿ ਚਲਣਾ ਜਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਦੁਆਰਾ ਦ੍ਰਿੜ੍ਹਾਏ ਗੁਰਮਤਿ ਬੈਰਾਗ ਅਨੁਸਾਰ ਸੁਪਨ ਮਾਤ੍ਰ ਭੀ ਪ੍ਰਾਪਤ ਨਹੀਂ, ਤਿਨ੍ਹਾਂ ਦਾ ਸਿਰ ਹਿਲਾ ਹਿਲਾ ਕੇ "**ਮੈਂ ਨੀਰੁ ਵਹੇ ਵਹਿ ਚਲੈ ਜੀਉ**" ਵਾਲੀ ਤੁਕ ਪੜ੍ਹੀ ਜਾਣਾ, ਬਿਰਥਾ ਤੇ ਕੂੜਾਵਾ ਢਕੌਂਸਲਾ ਹੈ। (ਉਹ ਵਿਰਲੇ ਜਨ ਹੀ ਹਨ, ਜਿਨ੍ਹਾਂ ਦੀ ਅੰਤ੍ਰੀਵੀ ਦਸ਼ਾ ਉਪਰ '**ਨੀਰੁ ਵਹੇ ਵਹਿ ਚਲੈ ਜੀਉ**' ਵਾਲੀ ਸਚੀ ਘਟਨਾ ਘਟਦੀ ਹੈ।) ਉਨ੍ਹਾਂ ਦਾ ਨੀਰ ਵਹੇ ਵਹਿ ਚਲਦਾ ਕਦੀ ਨਹੀਂ ਦੇਖਿਆ ਗਿਆ। ਉਹ ਕੂੜਾਵਾ ਅਤੇ ਫੋਕਾ ਡੀਂਗ ਮਾਰਨ ਵਾਲਾ ਦਿਖਾਵਾ ਹੀ ਦਿਖਾਉਂਦੇ ਹਨ। ਕੀ ਉਨ੍ਹਾਂ ਪ੍ਰਥਾਏ "ਕੋ ਵਿਰਲਾ ਗੁਰਮਤਿ ਚਲੈ ਜੀਉ" ਵਾਲੀ ਸਿਧਾਂਤਕ ਸਚਾਈ ਵਾਪਰ ਸਕਦੀ ਹੈ ? ਕਦਾਂਤ ਨਹੀਂ! ਉਹ ਲੋਕ ਇਸ ਸਿਧਾਂਤ ਤੋਂ ਬੜੇ ਹੀ ਦੂਰ ਬੈਠੇ ਹਨ। ਅਸਲ ਗੱਲ ਇਹ ਹੈ ਕਿ ਜਿਨ੍ਹਾਂ ਨੂੰ ਗੁਰਮਤਿ ਨਾਮ ਜਪਣ ਦਾ ਸਚਾ ਵੈਰਾਗਮਈ ਇਸ਼ਕ ਉਪਜਿਆ ਹੈ, ਉਹ ਕਦੇ ਗੁੱਝੇ ਨਹੀਂ ਰਹਿੰਦੇ। ਇਸ ਸਚੜੇ ਅਤੇ ਗੁਝੜੇ ਵੈਰਾਗ-ਮਈ ਇਸ਼ਕ ਬਿਹੂਣ "**ਨੀਰੁ ਵਹੇ ਵਹਿ ਚਲੈ ਜੀਉ**" ਵਾਲੀਆਂ ਫੋਕੀਆਂ ਟਾਹਰਾਂ ਹੀ ਹਨ ਅਤੇ "ਕੋ ਵਿਰਲਾ ਗੁਰਮਤਿ ਚਲੈ ਜੀਉ" ਨਾਲ ਧ੍ਰੋਹ ਕਮਾਣ ਵਾਲੀ ਗੱਲ ਹੈ। ਜਿਨ੍ਹਾਂ ਨੂੰ ਇਹ ਸਚਾ ਇਸ਼ਕ ਜਜ਼ਬਾ ਹੀ ਨਹੀਂ ਉਪਜਿਆ ਤਿਨ੍ਹਾਂ ਨੂੰ ਨੀਰ ਵਹਿ ਚਲਣ ਵਾਲੀ ਸਚੜੀ ਕ੍ਰਾਂਤ ਹੀ ਨਹੀਂ ਪੈਦਾ ਹੁੰਦੀ। "ਕੋ ਵਿਰਲਾ ਗੁਰਮਤਿ ਚਲੈ ਜੀਉ" ਵਾਲੀ ਸਚੀ ਗੁਰਮਤਿ ਸਿਧਾਂਤਕ ਅਕਲ ਤਿਸੇ ਨੂੰ ਹੀ ਸਫੁਰਨ ਹੁੰਦੀ ਹੈ, ਜੋ ਜਨ ਗੁਰੂ ਨਾਨਕ ਵਰੋਸਾਏ ਪੂਰਨ ਆਸ਼ੇ ਤੇ ਪਰਪਕ ਹੋ ਕੇ ਚਲਦਾ ਹੈ।

ਪੂਰੀ ਗੁਰਮਤਿ ਇਹ ਹੈ ਕਿ ਵਾਹਿਗੁਰੂ ਨਾਮ, ਗੁਰਮਤਿ ਨਾਮ ਖਿਨ ਖਿਨ ਜਪਿਆ ਜਾਵੇ। ਜੋ ਪੁਰਸ਼ ਇਸ ਆਸ਼ੇ ਅਨੁਸਾਰ ਨਹੀਂ ਚਲਦੇ, ਉਹ ਗੁਰਮਤਿ ਉਪਰ ਚਲਣ ਵਾਲੀ ਵਿਰਲੇ ਜਨਾਂ ਦੀ ਸ਼੍ਰੇਣੀ ਵਿਚੋਂ ਨਿਕਸੇ ਹੋਏ ਹਨ ਅਤੇ ਸਚੀ ਗੁਰਮਤਿ ਪ੍ਰਪਾਟੀ ਤੋਂ ਹੇਠਾਂ ਨਿਘਰੇ ਹੋਏ ਹਨ। ਆਪਣੀ ਮਨ ਦੀ ਮਤਿ ਅਨੁਸਾਰ, ਗੁਰਮਤਿ ਆਸ਼ੇ ਅਨੁਸਾਰ ਕਦੀ ਭੀ ਚਲਿਆ ਨਹੀਂ ਜਾ ਸਕਦਾ, ਜਦੋਂ ਤਕ ਕਿ ਗੁਰੂ ਨਾਨਕ ਸਾਹਿਬ ਦੀ ਪੂਰੀ ਸਹਾਇਤਾ ਨਾ ਹੋਵੇ। ਨਾਮ ਜਪਣਾ ਅਰਾਧਣਾ ਹੀ ਸਚੀ ਗੁਰਮਤਿ ਅਵਲਤ੍ਰੀਨ (ਸਭ ਤੋਂ ਪਹਿਲੀ) ਕਸੌਟੀ ਹੈ। ਜੋ ਨਾਮ ਨਹੀਂ ਜਪਦਾ, ਉਹ ਆਪਣੀ ਮਨ ਦੀ ਮਤਿ ਅਨੁਸਾਰ ਚਲਣ ਵਾਲਾ ਅਗਿਆਨੀ ਪੁਰਸ਼ ਹੈ।

ਸਾਨੂੰ ਗੁਰਸਿਖਾਂ ਨੂੰ ਗੁਰਮਤਿ ਇਹ ਸ਼ਿਖਸ਼ਾ ਸਿਖਾਉਂਦੀ ਹੈ ਕਿ ਜਿਥੇ ਤਕ ਹੋ ਸਕੇ, ਪੂਰਨ ਕਫਾਇਤ ਸ਼ੁਆਰੀ ਅਨੁਸਾਰ ਗੁਰਮਤਿ ਕਾਰਜ ਕੀਤੇ ਜਾਣ। ਜੋ ਪੁਰਸ਼ ਪੂਰਨ ਗਿਆਨੀ ਹੋ ਕੇ ਆਪਣੇ ਵਿਤੋਂ ਬਾਹਰੇ ਚਲ ਕੇ ਆਪਣੀਆਂ ਲੜਕੇ ਲੜਕੀਆਂ ਦੇ ਕਾਰਜਾਂ ਉਤੇ ਬੇਸ਼ੁਮਾਰ ਪੈਸਾ ਖ਼ਰਚ ਕਰਦੇ ਹਨ, ਐਥੋਂ ਤਕ ਕਿ ਹਜ਼ਾਰਾਂ ਰੁਪਏ ਕਰਜ਼ਾ ਚੜ੍ਹਾ ਲੈਂਦੇ ਹਨ, ਅਜਿਹੇ ਮੂੜ੍ਹ ਮਤ ਅਗਿਆਨੀ ਪੁਰਸ਼ਾਂ ਨੂੰ ਗੁਰਮਤਿ ਦੇ ਆਸ਼ੇ ਉਤੇ ਚਲਣ ਦਾ ਮੁਸ਼ਕ ਮਾਤਰ ਭੀ ਵਿਰਲਾ-ਪਨ ਪ੍ਰਾਪਤ ਨਹੀਂ। ਉਹ "ਕੋ ਵਿਰਲਾ ਗੁਰਮਤਿ ਚਲੈ" ਵਾਲੇ ਭਾਵ ਤੋਂ ਐਨ ਉਲਟਾ ਚਲਣ ਵਾਲੇ ਹਨ। ਕੀ ਤਿਨ੍ਹਾਂ ਪੁਰਸਾਂ ਉਤੇ "ਕੋ ਵਿਰਲਾ ਗੁਰਮਤਿ ਚਲੈ" ਵਾਲੀ ਘਟਨਾ ਘਟ ਸਕਦੀ ਹੈ ? ਕਦਾਂਤ ਨਹੀਂ। ਉਹ ਲੋਕ-ਲਾਜ ਦੇ ਅਨੁਸਾਰ ਚਲਣ ਵਾਲੀ ਆਨਮਤਿ ਸ਼ਰੇਣੀ ਵਿਚੋਂ ਤਾਂ ਗਿਣੇ ਜਾ ਸਕਦੇ ਹਨ, ਪਰੰਤੂ ਗੁਰਮਤਿ ਤੇ ਚਲਣ ਦਾ ਦਾਹਵਾ ਉਨ੍ਹਾਂ ਦਾ ਇਕ-ਦਮ ਖ਼ਾਰਜ ਹੈ।

ਅਸੀਂ ਗੁਰਮਤਿ-ਲੇਖ ਨਾਮੇ ਪੁਸਤਕ ਵਿਚ ਭਲੀ ਪ੍ਰਕਾਰ ਸਿਧ ਕਰ ਚੁਕੇ ਹਾਂ ਕਿ ਗੁਰੂ ਸਾਹਿਬਾਨ ਨੇ ਹਰਗਿਜ਼ ਸੇਹਲੀ ਟੋਪੀ ਨਹੀਂ ਪਹਿਨੀ। ਬਗ਼ਦਾਦ ਵਾਲੀ ਹੱਥੀਂ ਖਿੱਚੀ ਮੁਸੱਵਰ ਦੀ ਤਸਵੀਰ ਦਾ ਇਕ ਉਤਾਰਾ ਸਾਡੇ ਸਾਹਮਣੇ ਆਇਆ ਹੈ, ਜਿਸ ਵਿਚ ਸਪੱਸ਼ਟ ਤੌਰ ਤੇ ਇਕ ਅਜਿਹਾ

ਸੱਚਾ ਤੇ ਸੁੱਚਾ ਚਿਤਰ ਖਿਚਿਆ ਹੋਇਆ ਹੈ ਕਿ ਗੁਰੂ ਨਾਨਕ ਸਾਹਿਬ ਦੇ ਸੀਸ ਤੇ ਦੁਮਾਲਾ ਅਤੇ ਕੇਸ ਦਾੜ੍ਹੀ ਸਸ਼ੋਭਤ ਹਨ। ਅਸਲੀ ਚਿਤਰ ਏਸ ਮੁਸੱਵਰੀ ਦਾ ਲੰਡਨ ਮੀਊਜ਼ੀਅਮ ਵਿਚ ਸੁਰੱਖਿਅਤ ਰਖਿਆ ਗਿਆ ਹੈ, ਉਸ ਤੋਂ ਬਲਾਕ ਲੈ ਕੇ ਛਾਪੇ ਗਏ ਹਨ। ਜਿਸ ਤੋਂ ਸਾਫ਼ ਪ੍ਰਤੀਤ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਖ਼ੁਦ ਕੇਸ ਰੱਖੇ ਅਤੇ ਆਪਣੇ ਸਿੱਖਾਂ ਸੇਵਕਾਂ ਨੂੰ ਰਖਾਏ। ਉਹ ਸਿਖ ਸਖਾ ਹੋ ਹੀ ਨਹੀਂ ਸਕਦਾ ਜੋ ਗੁਰੂ ਦੇ ਭਾਣੇ ਤੋਂ ਉਲਟ ਆਪਣੇ ਭਾਣੇ ਅਨੁਸਾਰ ਚਲੇ। ਯਥਾ ਗੁਰਵਾਕ—

ਸੋ ਸਿਖ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥
ਆਪਣੈ ਭਾਣੈ ਜੋ ਚਲੈ ਭਾਈ ਸੋ ਵਿਛੁੜਿ ਚੋਟ ਖਾਵੈ ॥

ਸੋਰਠਿ ਮ: ੩, ॥੧॥੬॥ (੬੦੧-੦੨)

ਕੀ ਨਿਤਾਪ੍ਰਤ ਦਾੜ੍ਹੀ ਕੇਸ ਮੁਨਾਉਣ ਵਾਲੇ ਗੁਰੂ ਕੇ ਭਾਣੇ ਅੰਦਰ ਚਲਦੇ ਹਨ ? ਹਰਗਿਜ਼ ਨਹੀਂ। ਉਹ ਆਪਣੀ ਮਨ ਦੀ ਮਤਿ ਅਨੁਸਾਰ ਗੁਰੂ ਕੇ ਭਾਣੇ ਮੰਨਣ ਦੇ ਆਸ਼ੇ ਨੂੰ ਖਿਨ ਖਿਨ ਲੱਤ ਮਾਰਦੇ ਹਨ। ਗੁਰੂ ਸਾਹਿਬ ਨੇ ਪਹਿਲੀ ਪਾਤਸ਼ਾਹੀ ਤੋਂ ਲਾ ਕੇ ਦਸਵੀਂ ਪਾਤਸ਼ਾਹੀ ਤਕ ਆਪਣੇ ਗੁਰਸਿਖਾਂ ਦੇ ਸੀਸ ਉਪਰ ਕੇਸ ਰਖਵਾਏ, ਮੁਖਾਰਬਿੰਦ ਉਤੇ ਸਾਬਤ ਸੂਰਤੀ ਦਾੜ੍ਹੇ ਸਜਵਾਏ। ਐਸਾ ਪ੍ਰਤੀਤ ਹੁੰਦਾ ਹੈ ਕਿ ਆਪਣੀ ਮਨ ਦੀ ਮਤਿ ਅਨੁਸਾਰ ਚਲਣ ਵਾਲਿਆਂ ਨੇ ਗੁਰੂ ਸਾਹਿਬ ਦੇ ਆਸ਼ੇ ਤੋਂ ਉਲਟ ਇਹ ਚਾਲ ਚਲੀ ਕਿ ਗੁਰਸਿਖਾਂ ਨੂੰ ਜਟਾ ਜੂਟ ਨਾ ਰਹਿਣ ਦੀ ਕੁਵਾਦੜੀ ਵਿਚ ਪਾ ਕੇ ਇਹ ਸਿਧ ਕੀਤਾ ਕਿ ਗੁਰੂ ਸਾਹਿਬ ਕਹਿੰਦੇ ਕੁਛ ਹੋਰ ਸਨ ਤੇ ਕਮਾਂਵਦੇ ਕੁਝ ਹੋਰ ਸਨ। ਗੁਰੂ ਦਸਵੇਂ ਪਾਤਸ਼ਾਹ ਨੇ ਪਹਿਲੀਆਂ ਗੁਰੂ ਪਾਤਸ਼ਾਹੀਆਂ ਦੇ ਆਸ਼ੇ ਤੋਂ ਕੇਵਲ ਏਤਨੀ ਹੀ ਬੇ-ਅਨੁਸਾਰਤਾ ਕੀਤੀ ਪ੍ਰਤੀਤ ਹੁੰਦੀ ਹੈ ਕਿ ਖੰਡੇ ਧਾਰ ਸਿੰਘ ਉਨ੍ਹਾਂ ਸਿੱਖ ਗੁਰ ਸੇਵਕਾਂ ਨੂੰ ਸਜਾਇਆ ਜੋ ਪਹਿਲਾਂ ਨਹੀਂ ਸਜੇ ਸਨ, ਨਹੀਂ ਤਾਂ ਸਾਰੇ ਹੀ ਕੇਸਾਧਾਰੀ ਜਿਉਂ ਕੇ ਤਿਉਂ ਹੀ ਰਹਿਣ ਦਿਤੇ ਗਏ, ਹੋਰ ਕੋਈ ਫ਼ਰਕ ਨਹੀਂ ਪਿਆ। ਇਹ ਸਿਰਫ਼ ਅਨਮਤੀਆਂ ਦੇ ਅਸਰ ਹੇਠਾਂ ਆ ਕੇ ਹੀ ਗੁਰਸਿਖਾਂ ਦੀ

ਤਵਾਰੀਖ਼ ਲਿਖਣ ਵਾਲਿਆਂ ਨੇ ਗੁਰੂ ਸਾਹਿਬਾਨ ਅਤੇ ਗੁਰੂ ਦੇ ਸਿਖਾਂ ਨੂੰ ਕੇਸ-ਹੀਣ ਜਣਾਉਣ ਦਾ ਮੁਗ਼ਾਲਤਾ ਉਪਜਾਇਆ। ਗੁਰ ਦਸ਼ਮੇਸ਼ ਜੀ ਦੇ ਇਸ ਵਾਕ ਅਨੁਸਾਰ **'ਪੰਥ ਕਰੌਂਗਾ ਖਾਲਸਾ ਸਭ ਕੇਸਾਧਾਰੀ'** ਦਾ ਇਹ ਭਾਵ ਹੈ ਕਿ ਅਗੇ ਨੂੰ ਜੁਗੋਂ ਜੁਗ ਅਟੱਲਤਾ ਕੇਸਾਧਾਰੀ ਸਿੰਘਾਂ ਦੀ ਰਹੇਗੀ। ਏਸਦਾ ਇਹ ਭਾਵ ਹਰਗਿਜ਼ ਨਹੀਂ ਕਿ ਦਸਵੇਂ ਪਾਤਸ਼ਾਹ ਨੇ ਹੀ ਕੇਸਾਧਾਰੀ ਸਿੰਘ ਸਜਾਏ, ਪਹਿਲਾਂ ਨਹੀਂ ਸਨ। ਅਸਾਨੂੰ ਤਾਂ ਇਹ ਪ੍ਰਤੀਤ ਹੁੰਦਾ ਹੈ ਕਿ ਕੇਸ-ਹੀਣ ਮੀਣੇ ਮਨ-ਮਤੀਆਂ ਨੇ ਆਪਣਾ ਇਹ ਮਨ-ਮਤਿ ਭਰਿਆ ਢਕੌਂਸਲਾ ਆਪਣੇ ਹੁਦਰੋਂ ਹੀ ਚਲਾਇਆ ਹੋਣਾ ਹੈ। ਗੁਰੂ ਸਾਹਿਬ ਦਸਵੇਂ ਪਾਤਸ਼ਾਹ ਪਹਿਲੀਆਂ ਪਾਤਸ਼ਾਹੀਆਂ ਦੇ ਐਨ ਅਨੁਕੂਲਤਾ ਅਨੁਸਾਰ ਚਲਣਹਾਰੇ ਪੂਰਨ ਗੁਰਮਤਿ ਦੇ ਸਚਾਲੂ ਸਨ। ਇਹ ਮਤ-ਹੀਣਤਾ ਅਤੇ ਮਲੀਣਤਾ ਆਨਮਤੀਆਂ ਦੇ ਅਸਰ ਹੇਠ ਆਏ ਮਨਮਤੀਆਂ ਨੇ ਹੀ ਚਲਾਈ ਹੋਣੀ ਹੈ, ਕਿ ਗੁਰੂ ਦਸਵੇਂ ਪਾਤਸ਼ਾਹ ਦਾ ਆਸ਼ਾ ਕੁਝ ਹੋਰ ਸੀ ਤੇ ਪਹਿਲੇ ਗੁਰੂ ਸਾਹਿਬਾਨ ਦਾ ਕੁਛ ਹੋਰ। ਇਹ ਨਿਰਾ ਮੁਗ਼ਾਲਤਾ ਹੀ ਮੁਗ਼ਾਲਤਾ (ਭੁਲੇਖਾ) ਉਤਪੰਨ ਕੀਤਾ ਗਿਆ। ਗੁਰੂ ਦਸਮੇਸ਼ ਸਚੇ ਪਾਤਸ਼ਾਹ ਨੂੰ ਪਹਿਲੀਆਂ ਪਾਤਸ਼ਾਹੀਆਂ ਦੇ ਪਰਪੱਕ ਗੁਰਮਤਿ ਆਸ਼ੇ ਦੇ ਉਲਟ ਇਹ ਕੁਰੀਤ ਚਲਾਉਣ ਲਈ ਹਰਗਿਜ਼ ਕੋਈ ਲੋੜ ਨਹੀਂ ਸੀ। **ਸਿਧਾਂਤ ਸਾਰੀਆਂ ਗੁਰੂ ਪਾਤਸ਼ਾਹੀਆਂ ਦਾ ਇਕੋ ਹੀ ਹੈ**, ਦੋ ਨਹੀਂ ਹੋ ਸਕਦੇ। ਸਾਰੀਆਂ ਗੁਰੂ ਪਾਤਸ਼ਾਹੀਆਂ ਨੇ ਆਪਣੇ ਗੁਰਸਿਖਾਂ ਨੂੰ ਜਟਾ-ਜੂਟ ਹੀ ਸਜੇ ਰਹਿਣ ਦਿਤਾ। ਇਸ ਜਟਾ-ਜੂਟ ਤੋਂ ਹੀਣ ਕਰਨ ਵਾਲੀ ਨਿਊਣਤਾ ਹਰਗਿਜ਼ ਕਿਸੇ ਗੁਰੂ ਪਾਤਸ਼ਾਹੀ ਦੇ ਖ਼ਿਆਲ ਤਕ ਨਹੀਂ ਆਈ। ਤਾਂ ਤੇ ਪੂਰਨ ਗੁਰਮਤਿ ਇਹੋ ਦਸਦੀ ਹੈ ਕਿ ਸਮੁਚੇ ਗੁਰੂ ਸਾਹਿਬਾਨ ਦੇ ਅਨੁਸਾਰੀ ਗੁਰਮੁਖ ਗੁਰਸਿਖ ਨਿਰੋਲ ਜਟਾ ਜੂਟ ਹੀ ਰਹੇ। ਸ੍ਰੀ ਦਸਮੇਸ਼ ਜੀ ਨੇ ਕੇਸਗੜ੍ਹ ਸਾਹਿਬ ਸਜੇ ਦੀਵਾਨ ਵਿਚ ਕੇਵਲ ਖੰਡੇ ਦਾ ਅੰਮ੍ਰਿਤ ਛਕਾਇਆ ਅਤੇ ਤਿਨ੍ਹਾਂ ਗੁਰਸਿਖਾਂ ਨੂੰ ਛਕਾਇਆ ਜਿਨ੍ਹਾਂ ਦੇ ਸੀਸ ਤੇ ਕੇਸ ਸਜੇ ਹੋਏ ਸਨ ਤੇ ਦਾੜ੍ਹਾ ਸਸ਼ੋਭਤ ਸੀ। ਮੋਨਿਆਂ, ਕੇਸ-ਦਾੜ੍ਹੀ ਰਹਿਤ ਪੁਰਸ਼ਾਂ ਨੂੰ ਅੰਮ੍ਰਿਤ ਨਹੀਂ ਛਕਾਇਆ

ਅਤੇ ਹਰਗਿਜ਼ ਨਹੀਂ ਛਕਾਇਆ। ਸ੍ਰੀ ਕੇਸਗੜ੍ਹ ਸਾਹਿਬ ਦੇ ਰਚੇ ਸਾਕੇ ਅਨੁਸਾਰ ਗੁਰੂ ਦਸਮੇਸ਼ ਜੀ ਨੂੰ ਬਣੇ ਬਣਾਤੇ ਹੀ ਕੇਸਾਧਾਰੀ ਜਟਾ-ਜੂਟ ਅੰਮ੍ਰਿਤ-ਅਧਿਕਾਰੀ ਸਿਖ ਮਿਲੇ ਅਤੇ ਤਿਨ੍ਹਾਂ ਨੂੰ ਹੀ ਅੰਮ੍ਰਿਤ ਦਾ ਬਾਟਾ ਨਸੀਬ ਹੋਇਆ। ਇਹ ਕੋਈ ਪਿਛਲੀ ਕਾਢ ਹੈ ਜਿਸ ਅਨੁਸਾਰ ਕਿ ਗੁਰਮਤਿ ਹੀਣ ਆਨਮਤੀ ਅਸਰ ਹੇਠ ਆਏ ਲੋਕ ਗੁਰਮਤਿ ਅੰਦਰ ਮੋਨਿਆਂ ਦੀ ਸ਼ਰੇਣੀ ਉਤਪੰਨ ਕਰਦੇ ਹਨ। ਗੁਰੂ ਦਸਮੇਸ਼ ਸਚੇ ਪਾਤਸ਼ਾਹ ਗੁਰਮਤਿ ਰਹਿਤ ਰਹਿਣੀ ਦੇ ਪੱਕੇ ਮਰਯਾਦਾ ਪ੍ਰਸ਼ੋਤਮ ਗੁਰੂ ਹੋਏ ਹਨ। ਤਿਨ੍ਹਾਂ ਨੂੰ ਕਦੇ ਭੀ ਇਹ ਗੱਲ ਮਨਜ਼ੂਰ ਨਹੀਂ ਸੀ ਕਿ ਗੁਰਮਤਿ ਅੰਦਰ ਮੋਨਿਆਂ ਦੀ ਕੋਝੀ ਮਰਯਾਦਾ ਭੀ ਚਲ ਪਏਗੀ।

ਕਨਿੰਘਮ ਅੰਗ੍ਰੇਜ਼ ਹਿਸਟੋਰੀਅਨ ਨੇ ਗੁਰਮਤਿ ਦਾ ਸ੍ਰੀ ਦਸਮੇਸ਼ ਦੁਆਰਾ ਦਰਸਾਇਆ ਸਚਾ ਅਸੂਲ ਪ੍ਰਤਿਪਾਦਨ ਕਰ ਦਿਖਲਾਇਆ ਕਿ ਸਿਖਾਂ ਦੀਆਂ ਸਿੰਘਣੀਆਂ ਭੁਝੰਗਣਾਂ ਦੇ ਸੀਸ ਉਤੇ ਕੇਸਾਂ ਦਾ ਜੂੜਾ ਸਸ਼ੋਭਿਤ ਹੁੰਦਾ ਸੀ। ਇਹ ਉਸ ਨੇ ਓਦੋਂ ਲਿਖਿਆ ਜਦੋਂ ਅਜੇ ਨਾ ਭਤੀਜ ਸਜਣ ਸਿੰਘ ਜੰਮਿਆ ਸੀ ਤੇ ਨਾ ਉਸਦੀ ਸਿੰਘਣੀ ਜੰਮੀ ਸੀ, ਨਾ ਰਣਧੀਰ ਸਿੰਘ ਜੰਮਿਆ ਸੀ, ਤੇ ਨਾ ਉਸ ਦੀ ਸਿੰਘਣੀ ਦੀ ਲੜਕੀ ਜੰਮੀ ਸੀ, ਨਾ ਹੀ ਉਦੋਂ 'ਕੋਮਲ' ਜੰਮਿਆ ਸੀ ਤੇ ਨਾ ਹੀ ਉਸ ਦੀ 'ਕੋਮਲਾਣੀ' ਜੰਮੀ ਸੀ, ਪਰ ਧੰਨ ਹੈ 'ਕਨਿੰਘਮ' ਜਿਸ ਨੇ ਸਚੋ ਸਚ ਗੁਰਮਤਿ ਦਾ ਸਚਾ ਅਸੂਲ ਪ੍ਰਤਿਪਾਦਨ ਕਰ ਦਿਖਲਾਇਆ। ਫੇਰ ਅਸੀਂ ਹੈਰਾਨ ਹਾਂ ਕਿ ਕਿਸ ਮੂੰਹ ਨਾਲ ਲੋਕੀਂ ਆਖਦੇ ਹਨ ਕਿ ਇਹ ਨਵਾਂ ਅਸੂਲ ਕੇਵਲ ਭਾਈ ਰਣਧੀਰ ਸਿੰਘ ਨੇ ਚਲਾਇਆ ਹੈ। ਸਾਫ਼ ਸਿਧ ਹੋਇਆ ਕਿ ਉਸ ਗੋਰੇ ਸਿਖ ਹਿਸਟੋਰੀਅਨ ਨੇ ਸਚੋ ਸਚ ਗੁਰਮਤਿ ਦਾ ਸਚਾ ਅਸੂਲ, ਜੋ ਸ੍ਰੀ ਦਸਮੇਸ਼ ਜੀ ਨੇ ਪ੍ਰਚਲਤ ਕੀਤਾ, ਉਹੀ ਸਚੋ ਸਚ ਲਿਖ ਦਿੱਤਾ, ਜਿਥੋਂ ਸਾਫ਼ ਸਿਧ ਹੁੰਦਾ ਹੈ ਕਿ ਇਹ ਸ੍ਰੀ ਦਸਮੇਸ਼ ਦਰਸਾਈ ਸਚੀ ਗੁਰਮਤਿ ਰਹਿਤ ਹੈ। ਹਾਂ ਉਸ ਉਪਰ ਚਲਣ ਵਾਲੇ ਬਹੁਤ ਵਿਰਲੇ ਹਨ। ਜੋ ਇਸ ਉਪਰ ਚਲਦੇ ਹਨ ਉਨ੍ਹਾਂ ਦੇ ਸਿਰ ਹੀ ਇਸ ਵਿਰਲੀ ਗੁਰਮਤਿ ਦਾ ਮੁਢ ਮੜ੍ਹਿਆ ਜਾਂਦਾ ਹੈ, ਸ੍ਰੀ

ਦਸਮੇਸ਼ ਜੀ ਨੇ ਉਦੋਂ ਅਤੇ ਧੁਰ ਧੁਰੰਦਰੋਂ ਹੀ ਸੀਸ ਉਤੇ ਕੇਸਾਂ ਦਾ ਜੂੜਾ ਅਤੇ ਦਸਤਾਰ ਸਜਾਣ ਦਾ ਨੇਮ ਕਾਇਮ ਕਰ ਦਿਤਾ। ਉਨ੍ਹਾਂ ਲੋਕਾਂ ਨੂੰ ਨਿਹਾਇਤ ਸ਼ਰਮਸਾਰ ਹੋਣਾ ਚਾਹੀਦਾ ਹੈ ਜੋ ਇਹ ਲਿਖਦੇ ਹੋਏ ਰੰਚਕ ਮਾਤਰ ਭੀ ਕਾਂਪ ਨਹੀਂ ਖਾਂਦੇ ਕਿ ਇਹ ਅੱਜ ਕਲ ਦੇ ਜੰਮੇ ਹੋਏ ਕਿਸੇ ਪ੍ਰਾਣੀ ਦੀ ਕਾਢ ਹੈ ਤੇ ਉਹ ਇਸ ਨੂੰ ਅਸੂਲ ਬਣਾ ਬੈਠਾ ਹੈ। ਐਸਾ ਕਹਿਣ ਵਾਲਿਆਂ ਨੇ ਸਗੋਂ ਇਹ ਗੱਲ ਸਿਧ ਕਰ ਦਿੱਤੀ ਹੈ ਕਿ ਉਨ੍ਹਾਂ ਨੂੰ ਗੁਰਮਤਿ ਦੇ ਸਚੇ ਅਸੂਲ ਤੇ ਚਲਣ ਦੀ ਕੋਈ ਪ੍ਰਵਾਹ ਨਹੀਂ। ਫੋਕੀਆਂ ਬਹਾਨੇ-ਬਾਜ਼ੀਆਂ ਹੀ ਬਣਾਂਵਦੇ ਹਨ। ਉਨ੍ਹਾਂ ਦੇ ਪਾਸ ਕੋਈ ਵੀ ਸਬੂਤ ਨਹੀਂ ਜਿਸ ਤੋਂ ਇਹ ਸਿਧ ਕਰ ਸਕਣ ਕਿ ਸੀਸ ਉਤੇ ਕੇਸਾਂ ਦਾ ਜੂੜਾ ਕੇਸਕੀ (ਦਸਤਾਰ) ਸਮੇਤ ਰਖਣ ਦੀ ਸੁਚੱਜੀ ਰੀਤ ਕੇਵਲ ਸ੍ਰੀ ਦਸਮੇਸ਼ ਜੀ ਦੇ ਬਿਨਾਂ ਕਿਸੇ ਹੋਰ ਨੇ ਚਲਾਈ। ਸ੍ਰੀ ਦਸਮੇਸ਼ ਜੀ ਨੂੰ ਸਚੀ ਗੁਰਮਤਿ ਇਹ ਮਨਜ਼ੂਰ ਸੀ ਕਿ ਉਨ੍ਹਾਂ ਦੀਆਂ ਸਜਾਈਆਂ ਸਿੰਘਣੀਆਂ ਤੇ ਭੁਯੰਗਣਾਂ ਦੇ ਸੀਸ ਤੇ (ਦਸਮ ਦੁਆਰ ਤੇ) ਕੇਸਾਂ ਦਾ ਜੂੜਾ ਸਪੱਸ਼ਟ ਹੋਵੇ। ਇਹ ਸਿਰਫ਼ ਸਚੀ ਗੁਰਮਤਿ ਤੇ ਨ ਚਲਣਹਾਰਿਆਂ ਨੇ ਹੀ ਆਨ-ਮਤੀਆਂ ਦੀ ਰੀਸੇ ਗੁੱਤਾਂ ਅਤੇ ਪਿਛੇ ਜੂੜੇ ਕਰਨ ਦੀ ਮਨ-ਮੰਨੀ ਕੁਰੀਤੀ ਚਲਾਈ ਹੈ, ਅਜਿਹੇ ਕੁਰੀਤੀਏ ਢਕੌਂਸਲੇ ਬਾਜ਼ਾਂ ਦੇ ਮੂੰਹ ਤੇ ਚਪੇੜ ਲਾਉਣ ਲਈ ਉਸ ਗੋਰੇ ਸਿਖ ਹਿਸਟੋਰੀਅਨ ਦਾ ਲਿਖਿਆ ਇਹ ਮਸਾਲਾ ਹੀ ਕਾਫ਼ੀ ਹੈ, ਬਲਕਿ ਜਿਹੜੇ ਇਸ ਸਚੀ ਸੁਚੀ ਗੁਰਮਤਿ ਉਪਰ ਨਹੀਂ ਚਲਦੇ ਉਹ ਗੁਰਮਤਿ ਦੇ ਸਚੇ ਅਸੂਲ ਤੋਂ ਕੋਹਾਂ ਹੀ ਉਰੇ ਰਹਿ ਗਏ ਹਨ। ਸਾਫ਼ ਕਹਿਣਾ ਪਵੇਗਾ ਕਿ ਇਹ ਉਰੇ ਰਹਿਣ ਵਾਲੇ ਨਿਰੀਆਂ ਢੁੱਚਰਾਂ ਹੀ ਭੇੜਦੇ ਹਨ, ਜੋ ਗੁਰਮਤਿ ਦੇ ਸੱਚੇ ਮਾਰਗ ਤੇ ਚਲਣ ਵਾਲੇ ਵਿਰਲੀਸ਼ਰਾਂ ਨੂੰ ਹਰਗਿਜ਼ ਮਨਜ਼ੂਰ ਨਹੀਂ। ਸ੍ਰੀ ਦਸਮੇਸ਼ ਸਚੇ ਪਾਤਸ਼ਾਹ ਨੇ ਸਪੱਸ਼ਟ ਤੌਰ ਤੇ ਸਚੀ ਗੁਰਮਤਿ ਦਰਸਾਉਣੋਂ ਅਤੇ ਸਦ ਸਦੀਵ ਵਾਸਤੇ ਰੰਚਕ ਮਾਤ੍ਰ ਭੀ ਸੰਕੋਚ ਨਹੀਂ ਕੀਤਾ। ਅਜ ਤੋਂ ਅਸੀਂ ਸਾਫ਼ ਸਾਫ਼ ਇਹੋ ਫ਼ਤਵਾ ਦੇਵਾਂਗੇ ਕਿ ਆਪਣੀਆਂ ਸਿੰਘਣੀਆਂ ਤੇ ਭੁਯੰਗਣਾਂ ਦੇ ਸੀਸ ਉਤੇ ਕੇਸਾਂ ਦਾ ਜੂੜਾ ਅਤੇ ਕੇਸਕੀ ਨਾ ਸਜਾਉਣ

ਵਾਲੇ ਆਪਣੀ ਮਨਮਤਿ ਅਨੁਸਾਰ ਸਚੀ ਗੁਰਮਤਿ ਤੋਂ ਵਾਂਝੇ ਗਏ ਹਨ। ਮੀਢੀਆਂ ਅਤੇ ਚੂੰਡੇ ਕਰਾਉਣੇ, ਗੁੱਤਾਂ ਜੂੜੇ ਗਿੱਚੀ ਵਿਚ ਰਖਾਵਣੇ ਇਤਰ ਮਤਾਂ ਦੀ ਰੀਸੇ-ਕੁਰੀਸੇ ਹੀ ਪ੍ਰਚੱਲਤ ਹੋ ਗਏ ਹਨ, ਜੋ ਸਚੀ ਗੁਰਮਤਿ ਲਈ ਬੜੇ ਹਾਨੀਕਾਰਕ ਅਤੇ ਕਲੰਕ-ਆਮੇਜ਼ ਹਨ। ਸ੍ਰੀ ਦਸਮੇਸ਼-ਦਰਸਾਈ ਇਸ ਸਚੀ ਸੁਚੀ ਰਹਿਤ ਮਰਯਾਦਾ ਉਤੇ ਚਲਣ ਵਾਲਾ ਸੱਚੋਂ ਹੀ ਕੋਈ ਵਿਰਲਾ ਜਨ ਰਹਿ ਗਿਆ ਹੈ। ਢੁੱਚਰਬਾਜ਼ਾਂ ਦਾ ਕੀ ਹੱਕ ਹੈ ਕਿ ਅਜਿਹੇ ਸੁਚੀ ਰਹਿਤ ਦੇ ਧਾਰਨੀਆਂ ਉਤੇ ਗੁਰਮਤਿ ਰਹਿਤ ਮਰਯਾਦਾ ਦਾ ਕੋਈ ਵੀ ਕਲੰਕ ਅਰੋਪ ਸਕਣ। ਸਗੋਂ ਅਜਿਹੇ ਢੁੱਚਰਬਾਜ਼ ਨਿਰੇ ਹੀ ਕਲੰਕੀ ਹਨ ਅਤੇ ਸਚੀ ਸੁਚੀ ਗੁਰਮਤਿ ਦੇ ਪਕੇ ਦੁਸ਼ਮਨ ਹਨ। ਖ਼ੁਦ ਉਹ ਗੁਰਮਤਿ ਦੇ ਸਚੇ ਸੁਚੇ ਅਸੂਲਾਂ ਤੇ ਚਲ ਨਹੀਂ ਸਕਦੇ ਤੇ ਚਲਣ ਵਾਲਿਆਂ ਨੂੰ ਰੋਕਣ ਦੀਆਂ ਅੜਾਉਣੀਆਂ ਅਗੇ ਡਾਂਹਦੇ ਹਨ। "ਕੋ ਵਿਰਲਾ ਗੁਰਮਤਿ ਚਲੈ ਜੀਉ" ਦੇ ਸਚੇ ਅਤੇ ਸੁਚੇ ਸਿਖ ਸੂਜਨ ਉਹ ਹਨ ਜੋ ਗੁਰਮਤਿ ਦਰਸਾਈ ਸ੍ਰੀ ਦਸਮੇਸ਼ ਰਹਿਤ ਰਹਿਣੀ ਉਤੇ ਮਨ-ਬਚਨ-ਕਰਮ ਕਰਕੇ ਚਲਦੇ ਹਨ। ਜੋ ਨਹੀਂ ਚਲਦੇ ਉਨ੍ਹਾਂ ਨੂੰ ਲੇਖਾ ਦੇਣਾ ਪਵੇਗਾ। ਸਚੀ ਦਰਗਾਹ ਉਨ੍ਹਾਂ ਨੂੰ ਢੋਈ ਮਿਲਣੀ ਹੀ ਨਹੀਂ। ਨਾ ਹੀ ਆਨਮਤੀਆਂ ਦੀ ਰੀਸ-ਕੁਰੀਸ ਤੇ ਚਲਣ ਨੇ ਉਨ੍ਹਾਂ ਨੂੰ ਬਚਾ ਸਕਣਾ ਹੈ। ਆਨਮਤੀਆਂ ਦੀ ਰੀਸ-ਕੁਰੀਸੇ ਅਜਿਹੇ ਢਿੱਲੜ ਪੁਰਸ਼ ਆਪਣੀਆਂ ਜ਼ਨਾਨੀਆਂ ਦੇ ਸੀਸਾਂ ਤੋਂ ਕੇਸ ਮੁਨਵਾਉਣ ਵਾਲੀ ਮਨਮਤਿ ਨੂੰ ਤਾਂ ਧਾਰਨ ਕਰ ਲੈਣਗੇ, ਪਰੰਤੂ ਉਨ੍ਹਾਂ ਨੂੰ ਸਚੀ ਗੁਰਮਤਿ ਦੇ ਧਾਰਨ ਕਰਦਿਆਂ ਬੜਾ ਹੀ ਬੱਜਰ ਸਿਰ ਤੇ ਪੈਂਦਾ ਹੈ। ਸਗੋਂ ਖਤਰਾ ਪ੍ਰਤੀਤ ਹੁੰਦਾ ਹੈ ਕਿ ਕਿਸੇ ਦਿਨ ਅਜਿਹੇ ਮਨਮਤਿ ਰੀਤ ਦੇ ਸੰਚਾਲੂ ਪੁਰਸ਼ ਆਨਮਤੀਆਂ ਦੀ ਰੀਸੇ-ਕੁਰੀਸੇ ਆਪਣੇ ਸਿਰਾਂ ਦੀ ਝੰਡ ਵੀ ਨਾ ਲੁਹਾ ਛਡਣ ਅਤੇ ਨਿਰਲਜ ਹੋ ਕੇ ਨੰਗੇ ਸਿਰ ਕੇਸ ਮੁਨਾਈ ਫਿਰਨ। ਸਾਰੀ ਦੁਨੀਆਂ ਵਿਚੋਂ ਕੇਵਲ ਗੁਰਸਿਖਾਂ ਨੂੰ ਹੀ ਇਹ ਸ੍ਰੀ ਦਸਮੇਸ਼ ਜੀ ਨੇ ਬਖ਼ਸ਼ਿਆ ਸੀ ਕਿ ਸਚੀ ਗੁਰਮਤਿ ਤੇ ਚਲਣ। ਸਚੇ ਪਾਤਸ਼ਾਹ ਜੀ ਨੇ ਤਾਂ ਉਨ੍ਹਾਂ ਨੂੰ ਵਿਰਲੇ ਜਨ ਹੀ ਬਣਾਇਆ ਸੀ, ਪਰੰਤੂ ਅਫ਼ਸੋਸ ਨਾਲ ਕਹਿਣਾ

ਪੈਂਦਾ ਹੈ ਕਿ ਅੱਜ ਕਲ ਬ੍ਰਾਏ-ਨਾਮ ਸਿਖ ਅਖਵਾਣ ਵਾਲੇ ਇਸ ਮਨਮਤਿ ਭਰੀ ਹੁੱਜਤ ਨੂੰ ਹੀ ਗੁਰਮਤਿ ਗਰਦਾਨੀ ਫਿਰਦੇ ਹਨ। ਜਿਨ੍ਹਾਂ ਦੀਆਂ ਜ਼ਨਾਨੀਆਂ ਤੇ ਲੜਕੀਆਂ ਸੀਸ ਉਤੇ ਦਸਤਾਰੇ ਰਖਦੀਆਂ ਹਨ ਉਹ ਵੀ ਫ਼ੈਸ਼ਨ-ਪੂਰਬਕ ਢੰਗ ਨਾਲ ਹੀ ਉਚੀ ਜਿਹੀ ਦਸਤਾਰ ਰਖਦੀਆਂ ਹਨ ਆਨਮਤਣਾਂ ਦੀ ਰੀਸੇ ਫੁਲ-ਚਿੜੀਆਂ ਦਿਖਾਉਣ ਨੂੰ। ਦਸਤਾਰਾਂ ਸਜਾਉਣ ਨੂੰ ਉਹ ਕੋਝੀ ਕੁਮੱਤੜੀ ਸਮਝੀ ਬੈਠੀਆਂ ਹਨ। ਸਾਨੂੰ ਖ਼ਤਰਾ ਹੈ ਕਿ ਕਿਸੇ ਦਿਨ ਇਹ ਨਿਰੀ ਕੋਝੀ ਕੁਮੱਤੜੀ ਹੀ ਨਾ ਰਹਿ ਜਾਏ।

ਮਿਸਟਰ ਕਨਿੰਘਮ ਸਿਖ ਹਿਸਟੋਰੀਅਨ ਦੀ ਲਿਖਤ ਤੋਂ ਇਹ ਸਿਧ ਹੋਇਆ ਕਿ ਸਿੰਘਣੀਆਂ ਭੁਯੰਗਣਾਂ ਦੇ ਸੀਸ ਤੇ ਦਸਤਾਰਾ ਸਜਾਉਣਾ ਅਤੇ ਤਿਨ੍ਹਾਂ ਨੂੰ ਜਟਾ ਜੂਟ ਸੀਸ ਤੇ ਦੁਮਾਲੇ ਸਜਾ ਕੇ ਰਖਣਾ ਗੁਰੂ ਘਰ ਦਾ ਇਕ ਅਹਿਮ ਅਸੂਲ ਹੋ ਚੁਕਾ ਹੈ। ਇਸ ਲਿਖਤ ਤੋਂ ਇਹ ਭੀ ਸਿਧ ਹੋਇਆ ਕਿ ਗੁਰਮਤਿ ਉਤੇ ਚਲਣ ਵਾਲਿਆਂ ਦਾ ਇਹ ਗੁਰਮਤਿ ਅਸੂਲ ਨਿਹਾਇਤ ਪੱਕਾ ਅਤੇ ਪੁਖ਼ਤਾ ਹੈ ਕਿ ਤਿਨ੍ਹਾਂ ਦੀਆਂ ਸਿੰਘਣੀਆਂ, ਭੁਯੰਗਣਾਂ ਦੇ ਸੀਸ ਉਤੇ ਦੁਮਾਲੇ ਅਤੇ ਦਸਮੇ ਦੁਆਰ ਜੂੜੇ ਸਜੇ ਹੁੰਦੇ ਹਨ। ਕੇਵਲ ਇਹੋ ਹੀ ਸਿਧ ਨਹੀਂ ਹੋਇਆ, ਬਲਕਿ ਇਹ ਭੀ ਭਲੀ-ਭਾਂਤ ਸਿਧ ਹੋ ਗਿਆ ਕਿ ਗੁਰੂ ਸਾਹਿਬਾਨ ਦਾ ਸੱਚਾ ਅਤੇ ਸੁੱਚਾ ਹੁਕਮ ਸੀ ਕਿ ਸਿੰਘਣੀਆਂ ਅਤੇ ਭੁਯੰਗਣਾਂ ਦੇ ਸੀਸ ਤੇ ਗੁਰਮਤਿ ਅਸੂਲ ਅਨੁਸਾਰ ਕੇਸਾਂ ਦੇ ਜੂੜੇ ਅਤੇ ਦੁਮਾਲੇ ਸਜਾਏ ਰਖਣੇ ਜ਼ਰੂਰੀ ਹਨ। ਇਹ ਅਨਮਤੀਆਂ ਦੀ ਰੀਸੇ-ਕੁਰੀਸੇ ਹੀ ਗਿੱਚੀ ਪਿਛੇ ਜੂੜੇ ਅਤੇ ਗੁੱਤਾਂ ਰਖਣੀਆਂ ਚਲ ਪਈਆਂ ਹਨ, ਨਹੀਂ ਤਾਂ ਪੂਰਨ ਗੁਰਮਤਿ ਜੋ ਸਿਖ ਹਿਸਟੋਰੀਅਨ ਕਨਿੰਘਮ ਸਾਹਿਬ ਨੇ ਸਚੋ ਸਚ ਦਰਸਾਈ ਹੈ, ਇਹੋ ਹੀ ਸੀਸ ਦੁਮਾਲਿਆਂ ਵਾਲੀ ਧੁਰੰਧਰੋਂ ਚਲੀ ਆਈ ਹੈ। ਇਹ ਨਾ ਹੁੰਦਾ ਤਾਂ ਕਨਿੰਘਮ ਸਾਹਿਬ ਨੂੰ ਕੀ ਲੋੜ ਪਈ ਸੀ ਕਿ ਗੁਰਮਤਿ ਦਾ ਇਹ ਸੱਚਾ ਸੁਚਾ ਅਸੂਲ ਪ੍ਰਤਿਪਾਦਨ ਕਰਦੇ। ਪੁਰਾਤਨ ਸਿੰਘਣੀਆਂ ਅਤੇ ਭੁਯੰਗਣਾਂ ਦੇ ਦਸਮੇ ਦੁਆਰ ਉਤੇ ਜੋ ਕੁਛ ਭੀ ਸਜਿਆ ਹੋਇਆ ਉਪ੍ਰੋਕਤ ਗੋਰੇ ਹਿਸਟੋਰੀਅਨ ਨੇ ਆਪਣੀ ਅਖੀਂ ਪੇਖਿਆ

ਓਹੋ ਨਿਰੋਲ ਗੁਰਮਤਿ ਪ੍ਰਚਲਤ ਅਸੂਲ ਹੈ। ਗੁਰਮਤਿ ਅਸੂਲ ਅਨੁਸਾਰ ਨਾ ਚਲ ਸਕਣ ਵਾਲੇ ਢਿਲੜਾਂ ਅਤੇ ਗੀਦੀਆਂ ਨੇ ਮਨੋ ਮਨੀ ਹੀ ਇਤਰ ਉਤਰ ਦੀਨਾਂ ਮਜ਼੍ਹਬਾਂ ਦੀ ਰੀਸੇ-ਕੁਰੀਸੇ ਇਹ ਗੁਰਮਤਿ ਹੀਣਾ ਵਤੀਰਾ ਧਾਰਨ ਕਰ ਲਿਆ ਹੈ। ਅਸੀਂ ਆਪਣੇ ਪਿਛਲੇ ਲੇਖਾਂ ਵਿਚ "ਗੁਰਮਤਿ ਲੇਖ" ਨਾਮੇ ਪੁਸਤਕ ਦਾ ਹਵਾਲਾ ਦੇ ਕੇ ਇਹ ਭੀ ਸਿਧ ਕਰ ਚੁਕੇ ਹਾਂ ਕਿ ਸਾਡੇ ਸਮਗਰ ਗੁਰੂ ਸਾਹਿਬਾਨ ਦੇ ਸੀਸ ਉਤੇ ਦੁਮਾਲੇ ਸਜੇ ਹੁੰਦੇ ਸਨ, ਅਤੇ ਸਾਰੇ ਹੀ ਕੇਸਾਧਾਰੀ ਗੁਰੂ ਸਨ। ਸਹੇਲੀ ਟੋਪੀ ਗੁਰੂ ਸਾਹਿਬਾਨ ਨੂੰ ਪਹਿਨਾਉਣ ਦਾ ਕੋਝਾ ਵਤੀਰਾ ਅਨਮਤੀਆਂ ਦੇ ਪਿਛਲਗ ਕੁਰੀਸੀਆਂ ਨੇ ਹੀ ਪ੍ਰਚਲਤ ਕੀਤਾ ਹੈ, ਨਹੀਂ ਤਾਂ ਕਨਿੰਘਮ ਸਾਹਿਬ ਜੈਸੇ ਨਿਰਪੱਖ ਹਿਸਟੋਰੀਅਨ ਨੂੰ ਨਿਰੋਲ ਗੁਰਮਤਿ ਅਸੂਲ ਪ੍ਰਤਿਪਾਦਨ ਕਰਨ ਦੀ ਕੁਛ ਭੀ ਲੋੜ ਨਹੀਂ ਸੀ। ਗੁਰੂ ਸਾਹਿਬਾਂ ਦਾ ਜੋ ਹੁਕਮ ਮੁਢ ਤੋਂ ਸੀ ਓਸੇ ਦੀ ਅਨੁਸਾਰਤਾ ਕਨਿੰਘਮ ਸਾਹਿਬ ਨੇ ਪਾਲਣ ਕੀਤੀ। ਕਨਿੰਘਮ ਸਾਹਿਬ ਦੇ ਇਸ ਲੇਖ ਤੋਂ ਇਹ ਗੱਲ ਸਾਫ਼ ਸਿਧ ਹੁੰਦੀ ਹੈ ਕਿ ਸਿੰਘਣੀਆਂ, ਭੁਯੰਗਣਾਂ ਦੇ ਸੀਸ ਤੇ ਦਸਮ-ਦੁਆਰ ਜੂੜਾ ਦੁਮਾਲਾ ਕੇਵਲ ਗੁਰੂ ਸਾਹਿਬਾਨ ਦਾ ਦਰਸਾਇਆ ਹੋਇਆ ਗੁਰਮਤਿ ਅਸੂਲ ਸੀ, ਜਿਸ ਦੇ ਪਾਲਨ ਦੀ ਗੁਰਸਿਖਾਂ ਉਤੇ ਪੂਰੀ ਪੂਰੀ ਜ਼ਿੰਮੇਵਾਰੀ ਹੈ। ਇਸ ਗੋਰੇ ਸਿਖ ਹਿਸਟੋਰੀਅਨ ਨੇ ਆਪਣੇ ਅਖੀਂ ਪੇਖਿਆ ਸਹੀ ਗੁਰਮਤਿ ਅਸੂਲ ਹੀ ਗੁਰਸਿਖਾਂ ਪ੍ਰਤੀ ਦ੍ਰਿੜ੍ਹ ਕਰਾਇਆ, ਜੋ ਸਾਡੇ ਗੁਰੂ ਸਾਹਿਬਾਨ ਨੂੰ ਮਨਜ਼ੂਰ ਸੀ। ਸਚੇ ਅਤੇ ਸੁਚੇ ਗੁਰਮਤਿ ਅਸੂਲ ਉਤੇ ਚਲਣ ਵਾਲਿਆਂ ਨੂੰ ਅਨਮਤੀਆਂ ਦੀ ਰੀਸੇ-ਕੁਰੀਸੇ ਅਮਲ ਕਰਨ ਦੀ ਜੇ ਕਾਣ ਕਨੌਡ ਹੁੰਦੀ ਤਾਂ ਨਿਧੜਕ ਹੋ ਕੇ ਗੋਰੇ ਹਿਸਟੋਰੀਅਨ ਕਨਿੰਘਮ ਸਾਹਿਬ ਇਸ ਗੁਰਮਤਿ ਅਸੂਲ ਨੂੰ 'ਗੁਰਸਿਖਾਂ ਪ੍ਰਤੀ ਗੁਰੂ ਸਾਹਿਬਾਨ ਦਾ ਦਰਸਾਇਆ ਹੁਕਮ' ਕਦੇ ਪ੍ਰਤੀਪਾਦਨ ਨ ਕਰਦਾ। ਇਸ ਹੁਕਮ ਦੇ ਪਾਲਣ ਦੀ ਕਦਰ ਵਾ ਕੀਮਤ ਕੇਵਲ ਗੁਰਮਤਿ ਅਸੂਲ ਅਨੁਸਾਰ ਅਮਲ ਕਰਨ ਵਾਲਿਆਂ ਨੂੰ ਹੀ ਫਬਦੀ ਹੈ। ਗੁਰਮਤਿ ਅਸੂਲ ਦੇ ਜੋ ਧਾਰਨੀ ਨਹੀਂ ਤਿਨ੍ਹਾਂ ਨੂੰ ਆਨਮਤੀਆਂ ਦੇ ਢਿਲੜਪੁਣੇ ਦੇ ਪਿਛੇ ਲਗ

ਕੇ ਓਹੀ ਕੁਝ ਮਨਜ਼ੂਰ ਹੈ ਜੋ ਗੁਰਮਤਿ ਅਸੂਲ ਤੋਂ ਡਿਗੇ ਹੋਏ ਅਕਸਰ ਕਰਿਆ ਕਰਦੇ ਹਨ। ਆਪਣੀਆਂ ਸਿੰਘਣੀਆਂ ਤੇ ਭੁਯੰਗਣਾਂ ਦੇ ਸੀਸ ਉਤੇ ਜੂੜਾ ਅਤੇ ਦਸਤਾਰਾ ਨਾ ਸਜਾਉਣ ਦੀ ਕੁਚਾਲ ਕੇਵਲ ਦੇਖਾ ਦੇਖੀ ਹੀ ਚਲ ਪਈ।

ਤਿਨ੍ਹਾਂ ਨੂੰ ਕੀ ਪਰਵਾਹ ਇਨ੍ਹਾਂ ਢਿੱਲੜ ਕੁਰੀਤੀਆਂ ਦੇ ਕੁਮੱਤੇ ਲੱਗਣ ਦੀ। ਪਰਵਾਹ ਹੈ ਤਾਂ ਇਕ ਗੁਰਮਤਿ ਅਸੂਲ ਦੇ ਪਾਲਣ ਦੀ ਪ੍ਵਾਹ ਹੈ। ਇਹ ਗੱਲ ਡੰਕੇ ਦੀ ਚੋਟ ਨਾਲ ਕਹੀ ਜਾ ਸਕਦੀ ਹੈ ਕਿ ਕਨਿੰਘਮ ਸਾਹਿਬ ਗੋਰੇ ਸਿਖ ਹਿਸਟੋਰੀਅਨ ਨੇ ਸੋਈ ਕੁਝ ਦਰਸਾਇਆ ਤੇ ਦ੍ਰਿੜ੍ਹਾਇਆ ਜੋ ਪਰੰਪਰਾ ਤੋਂ ਗੁਰਮਤਿ ਅਸੂਲ ਗੁਰੂ ਘਰ ਅੰਦਰਿ ਚਲਿਆ ਆਉਂਦਾ ਸੀ। ਇਸ ਵਿਚ ਰੰਚਕ ਸੰਦੇਹ ਨਹੀਂ ਕਿ ਗੁਰਮਤਿ ਦੇ ਅਸੂਲਾਂ ਤੇ ਚਲਣ ਵਾਲੇ ਬਹੁਤ ਵਿਰਲੇ ਥੋੜੇ ਹੋਇਆ ਕਰਦੇ ਹਨ। ਪਰੰਤੂ ਗੁਰਮਤਿ ਅਸੂਲਾਂ ਅਨੁਸਾਰ ਨਾ ਚਲ ਸਕਣਾ ਇਸ ਗੱਲ ਦੀ ਦਲੀਲ ਹਰਗਿਜ਼ ਨਹੀਂ ਕਿ ਇਹ ਗੁਰਮਤਿ ਅਸੂਲ ਗੁਰੂ ਸਾਹਿਬਾਨ ਦੇ ਦ੍ਰਿੜ੍ਹਾਏ ਹੋਏ ਨਹੀਂ।

ਉਪਰ ਲਿਖੇ ਲੇਖ ਦੀ ਰੌਸ਼ਨੀ ਵਿਚ ਇਹ ਗੱਲ ਯਕੀਨਨ ਮੰਨਣੀ ਪਏਗੀ ਕਿ ਅਸਾਡੀ ਰਹਿਤ ਰਹਿਣੀ ਬਾਬਤ ਸ੍ਰੀ ਦਸਮੇਸ਼ ਜੀ ਨੇ ਸੋਈ ਕੁਛ ਦ੍ਰਿੜ੍ਹਾਇਆ ਤੇ ਦਰਸਾਇਆ ਜੋ ਅਸਾਡੇ ਮੁਹੱਕਕ ਗੋਰੇ ਹਿਸਟੋਰੀਅਨ ਨੇ ਪਕੀ ਸ਼ਹਾਦਤ ਵਜੋਂ ਲਿਖ ਦਿਤਾ ਹੋਇਆ ਹੈ। ਇਸ ਹਕੀਕਤ ਤੋਂ ਇਹ ਗੱਲ ਭੀ ਪ੍ਰਤੀਤ ਹੋ ਗਈ ਕਿ ਗੁਰੂ ਦਸਮੇਸ਼ ਜੀ ਅਤੇ ਅਸਾਡੇ ਸਾਰੇ ਗੁਰੂ ਸਾਹਿਬਾਨ ਸਭ ਕੇਸਾਧਾਰੀ ਸਨ। ਗੁਰਮਤਿ ਤੋਂ ਗਿਰੇ ਹੋਏ ਆਨਮਤਾਂ ਦੀ ਰੀਸੋ-ਘੜੀਸੇ ਅਸੀਂ ਸਿਖ ਲੋਕ ਆਪਣੀ ਮਨਮਤਿ ਅਨੁਸਾਰ ਗੁਰਮਤਿ ਦੇ ਤੱਤ ਅਸੂਲ ਦ੍ਰਿੜ੍ਹਾਏ ਹੋਏ ਨੂੰ ਨਿਰੋਲ ਖਿਚੋਤਾਣ ਮੂਜਬ ਇਸ ਗੱਲ ਨੂੰ ਤੱਤ ਗੁਰਮਤਿ ਤੋਂ ਵਿਰੁਧ ਘੜੀ ਫਿਰਦੇ ਹਾਂ ਕਿ ਅਸਾਡੇ ਗੁਰੂ ਸਾਹਿਬਾਨ ਕੇਸਾਧਾਰੀ ਨਹੀਂ ਸਨ। ਤੱਤ ਗੁਰਮਤਿ ਉਪਰ ਚਲਣਹਾਰੇ ਵਿਰਲੇ ਜਨ ਹੀ ਇਸ ਗੱਲ ਨੂੰ ਦ੍ਰਿੜ ਕਰਕੇ ਮੰਨਦੇ ਹਨ ਕਿ ਨਾ ਹੀ ਸਾਡੇ ਗੁਰੂ ਸਾਹਿਬਾਨ ਕਦੇ ਕੇਸਾਧਾਰੀ ਰਹਿਤ ਤੋਂ ਹੀਣੇ ਹੋਏ ਅਤੇ ਨਾ ਹੀ ਗੁਰੂ ਸਾਹਿਬਾਨ ਦੇ

ਵਰੋਸਾਏ ਸਿਖ, ਸ੍ਰੀ ਦਸਮੇਸ਼ ਦ੍ਰਿੜ੍ਹਾਈ ਪੰਚ-ਕਕਾਰੀ ਰਹਿਤ ਤੋਂ ਹੀਨ ਹੋਏ। ਸਾਡਾ ਮੁਹੱਕਕ ਸਿਖ ਹਿਸਟਰੀ ਦਾ ਲਿਖਣਹਾਰਾ ਗੋਰਾ ੧੮੪੮ ਈਸਵੀ ਵਿਚ ਅਜ ਤੋਂ ਇਕ ਸੌ ਅੱਠ ਸਾਲ ਪਹਿਲਾਂ ਇਹ ਗੱਲ ਬੜੀ ਖ਼ੂਬੀ ਨਾਲ ਲਿਖਦਾ ਹੈ ਕਿ ਦਸਮੇਸ਼ ਜੀ ਨੇ ਸੋਈ ਕੁਛ ਗੁਰਸਿਖਾਂ ਪ੍ਰਤੀ ਦ੍ਰਿੜ੍ਹਾਇਆ, ਜੋ ਏਜ਼ਦੀ (ਰੱਬੀ) ਰਜ਼ਾ ਅਨੁਸਾਰ ਧੁਰ ਧੁਰੰਦਰੋਂ ਹੀ ਸ੍ਰੀ ਦਸਮੇਸ਼ ਜੀ ਨੂੰ ਮਨਜ਼ੂਰ ਸੀ। ਗੁਰਮਤਿ ਤੇ ਚਲਣਹਾਰੇ ਵਿਰਲੇ ਜਨਾਂ ਨੂੰ ਇਹ ਗੱਲ ਭਲੀ ਭਾਂਤ ਦ੍ਰਿੜ੍ਹ ਹੋ ਗਈ ਕਿ ਦਸਮੇਸ਼ ਜੀ ਖ਼ੁਦ ਕੇਸਾਧਾਰੀ ਸਨ ਅਤੇ ਆਪਣੇ ਗੁਰਸਿਖਾਂ ਪ੍ਰਤੀ ਪ੍ਰਵਾਰ ਸਹਿਤ ਕੇਸਾਧਾਰੀ ਰਹਿਣ ਦਾ ਉਪਦੇਸ਼ ਦ੍ਰਿੜ੍ਹ ਕਰਾਇਆ। ਗੋਰੇ ਸਿਖ ਹਿਸਟੋਰੀਅਨ ਦਾ ਇਹ ਲਿਖਣਾ ਕਿ ਅਜ ਤੋਂ ੧੦੮ ਸਾਲ ਪਹਿਲਾਂ ਸ੍ਰੀ ਦਸਮੇਸ਼ ਜੀ ਦੇ ਵਰੋਸਾਈ ਹੋਏ ਸਿਖ ਪ੍ਰਵਾਰਾਂ ਦੇ ਸੀਸ ਉਤੇ ਦਸਮ ਦੁਆਰ ਦੁਮਾਲੇ ਸਜੇ ਹੋਏ ਹੁੰਦੇ ਸਨ, ਇਸ ਗੱਲ ਦਾ ਸੂਚਕ ਹੈ ਕਿ ਉਦੋਂ ਸ੍ਰੀ ਦਸਮੇਸ਼ ਜੀ ਨੂੰ ਸਿਖ ਰਹਿਤ ਰਹਿਣੀ ਐਨ ਗੁਰਮਤਿ ਦੇ ਤੱਤ ਅਸੂਲਾਂ ਅਨੁਸਾਰ ਸਾਜੀ ਨਿਵਾਜੀ ਹੋਈ ਮੁਢ ਤੋਂ ਹੀ ਮਨਜ਼ੂਰ ਸੀ। ਗੋਰੇ ਸਿਖ ਹਿਸਟੋਰੀਅਨ ਨੇ ਇਹ ਲਿਖਦੇ ਹੋਏ ਰੰਚਕ ਮਾਤ੍ਰ ਭੀ ਕਾਂਪ ਨਹੀਂ ਖਾਧੀ ਕਿ ਦਸਵੇਂ ਪਾਤਸ਼ਾਹ ਜੀ ਦੀਆਂ ਸਾਜੀਆਂ ਨਿਵਾਜੀਆਂ ਸਿੰਘਣੀਆਂ ਭੁਝੰਗਣਾਂ ਦੇ ਸੀਸ ਉਤੇ ਦੁਮਾਲੇ ਅਤੇ ਦਸਮ-ਦੁਆਰ ਜੂੜੇ ਹੁੰਦੇ ਸਨ। ਇਹ ਗੱਲ ਉਸ ਨੇ ਤਦੇ ਹੀ ਲਿਖੀ ਜਦ ਉਸਨੂੰ ਸ੍ਰੀ ਦਸਮੇਸ਼ ਜੀ ਦੇ ਪੰਥ ਦੀ ਸ਼ਾਨ ਵਿਚ ਏਸੇ ਪ੍ਰਕਾਰ ਲਿਖਣਾ ਸ਼ਾਹਦੇ-ਹਾਲ ਤਹਿਕੀਕ (ਸਚਾਈ) ਸੀ। ਅਸਾਡੇ ਢਿੱਲੜ ਨਿਸਚੇ ਵਾਲੇ ਗੁਰਸਿਖ ਕਹਾਵਣ ਵਾਲੇ ਅਜ ਕਲ ਦੇ ਅਨਮਤੀ ਗੀਸੂਆਂ ਘੜੀਸੂਆਂ ਨਾਲੋਂ ਤਾਂ ਉਸ ਗੋਰੇ ਸਿਖ ਹਿਸਟੋਰੀਅਨ ਦੀ ਦਲੇਰੀ ਹੀ ਕਾਬਲੇ ਤਹਿਸੀਨ ਹੈ, ਜਿਸ ਨੇ ਉਪਰ ਦੱਸੀ ਸ਼ਹਾਦਤ ਦੇਣੋਂ ਰਾਈ ਮਾਤ੍ਰ ਭੀ ਕਾਂਪ ਨਹੀਂ ਖਾਧੀ। ਹੁਣ ਇਸ ਗੱਲ ਵਿਚ ਸ਼ੰਕਾ ਕਰਨ ਦੀ ਰੰਚਕ ਮਾਤ੍ਰ ਭੀ ਦਲੀਲ ਨਹੀਂ ਰਹੀ ਕਿ ਅਸਾਡੀਆਂ ਪੁਰਾਤਨ ਮਾਵਾਂ ਭੈਣਾਂ ਦੇ ਸੀਸ ਉਤੇ ਪੂਰਨ ਗੁਰਮਤਿ ਅਨੁਸਾਰ ਦਸਮ ਦੁਆਰਕ ਜੂੜੇ ਅਤੇ ਦੁਮਾਲੇ ਸਜੇ ਹੁੰਦੇ ਸਨ। ਗਿਚੀ ਪਿਛੇ ਜੂੜੇ

ਅਤੇ ਗੁੱਤਾਂ ਰੱਖਣ ਦੀ ਕੁਰੀਤੀ ਤੱਤ ਗੁਰਮਤਿ ਤੋਂ ਹਿਲੇ ਹੋਏ ਆਨਮਤੀ ਕੁਚਾਲਾਂ ਦੇ ਮਨ-ਘਾੜਤੂਆਂ ਦੀ ਆਪਣੀ ਹੀ ਘਾੜਤ ਹੈ। ਤੱਤ ਗੁਰਮਤਿ ਇਹੋ ਕੁਛ ਦ੍ਰਿੜ੍ਹਾਉਂਦੀ ਹੈ ਜੋ ਕਨਿੰਘਮ ਸਾਹਿਬ ਨੇ ਅੱਜ ਤੋਂ ੧੦੮ ਸਾਲ* ਪਹਿਲਾਂ ਸਚੋ ਸਚ ਲਿਖ ਦਿੱਤਾ ਹੋਇਆ ਸੀ। ਗੁਰਮਤਿ ਉਤੇ ਚਲਣਹਾਰੇ ਵਿਰਲੇ ਜਨਾਂ ਦੀ ਤੱਤ ਗੁਰਮਤਿ ਅਨੁਸਾਰ ਰਹਿਣੀ-ਬਹਿਣੀ-ਕਰਨੀ ਦੀ ਕਦਰ ਕੇਵਲ ਉਨ੍ਹਾਂ ਨੂੰ ਹੀ ਹੈ ਜੋ ਸ੍ਰੀ ਦਸਮੇਸ਼ ਜੀ ਦੇ ਹੁਕਮ ਨੂੰ, ਜੈਸਾ ਕਿ ਉਪਰ ਕਨਿੰਘਮ ਸਾਹਿਬ ਨੇ ਲਿਖਿਆ ਹੈ, ਮੰਨਦੇ ਹਨ। ਤੱਤ ਗੁਰਮਤਿ ਤੋਂ ਘੁਸੇ ਹੋਏ ਗੁਰਮਤਿ ਅਸੂਲਾਂ ਦੇ ਨਾ-ਕਦਰ-ਸ਼ਨਾਸ ਅਹਿਮਕ ਪੁਰਸ਼ਾਂ ਨੂੰ ਗੁਰਮਤਿ ਤੇ ਚਲਣ ਦੀ ਕੀ ਸਾਰ ? ਅਰਥਾਤ ਗੁਰਮਤਿ ਦੇ ਜਾਣੂ ਹੀ ਤੱਤ ਅਸੂਲਾਂ ਦੀ ਸਾਰ ਨੂੰ ਪਛਾਣਦੇ ਹਨ। ਗੁਰਮਤਿ ਉਤੇ ਚਲਣਹਾਰੇ ਵਿਰਲੇ ਜਨ ਸੋਈ ਹਨ ਜੋ ਗੁਰੂ ਸਾਹਿਬਾਨ ਦੇ ਇਕ ਇਕ ਹੁਕਮ ਨੂੰ ਸਤਿ ਸਤਿ ਕਰ ਕੇ ਮੰਨਦੇ ਹਨ ਅਤੇ ਉਸ ਉਤੇ ਚਲਦੇ ਹਨ। ਗੁਰੂ ਦਸਮੇਸ਼ ਦਾ ਦ੍ਰਿੜ੍ਹਾਇਆ ਹੋਇਆ ਇਕ ਇਕ ਹੁਕਮ ਗੁਰਮਤਿ ਉਤੇ ਚਲਣਹਾਰੇ ਵਿਰਲੇ ਜਨਾਂ ਨੂੰ ਅੱਖਰ ਅੱਖਰ ਕਰ ਕੇ ਬ-ਸਰੋ-ਚਸ਼ਮ (ਸਿਰ-ਮਥੇ) ਮਨਜ਼ੂਰ ਹੈ। ਗੁਰਮਤਿ ਉਤੇ ਚਲਣਹਾਰੇ ਵਿਰਲੀਸ਼ਰਾਂ ਦੀ ਕਸੌਟੀ ਇਸ ਤੋਂ ਵਧ ਕੇ ਹੋਰ ਕਿਸ ਗੱਲ ਵਿਚ ਹੋ ਸਕਦੀ ਹੈ ਕਿ ਜਿਥੇ ਭੀ ਗੁਰਬਾਣੀ ਅੰਦਰ ਗੁਰੂ ਦਸਮੇਸ਼ ਦ੍ਰਿੜ੍ਹਾਇਆ ਅਤੇ ਹੋਰ ਗੁਰੂ ਸਾਹਿਬਾਨ ਦਾ ਦਰਸਾਇਆ ਤੱਤ ਗੁਰਮਤਿ ਅਸੂਲ ਮਿਲਦਾ ਹੈ, ਉਸ ਉਤੇ ਚਲੇ ਬਿਨਾਂ ਉਹ ਰਹਿ ਨਹੀਂ ਸਕਦੇ। ਗੁਰੂ ਦਸਵੇਂ ਪਾਤਸ਼ਾਹ ਦਾ ਮਨਮਤਿ-ਖੰਡਨੀ ਅਤੇ ਗੁਰਮਤਿ-ਮੰਡਨੀ ਤੱਤ ਗੁਰਮਤਿ ਅਸੂਲ ਭੀ ਤਿਨ੍ਹਾਂ ਵਿਰਲੀਸ਼ਰਾਂ ਨੂੰ ਹੀ ਮਕਬੂਲ ਅਤੇ ਮਨਜ਼ੂਰ ਹੈ, ਜਿਨ੍ਹਾਂ ਨੂੰ ਗੁਰਮਤਿ ਅਸੂਲਾਂ ਦੇ ਮੰਨਣ ਦੀ ਹਿਰਦਿਓਂ ਪ੍ਰਵਾਹ ਹੈ। ਦਸਵੇਂ ਪਾਤਸ਼ਾਹ ਨੇ ਬਚਿਤਰ ਨਾਟਕ ਅੰਦਰ ਆਪਣੇ ਸ੍ਰੀ ਮੁਖਵਾਕ ਤੋਂ ਹਰੇਕ ਆਨਮਤ ਦਰਸਾਏ ਮਨਮਤੀ ਦਾ ਗੱਜ ਵੱਜ ਕੇ ਖੰਡਨ ਕੀਤਾ ਹੈ ਅਤੇ ਇਕੋ ਗੁਰਮਤਿ ਤੱਤ ਦਰਸੀ ਅਸੂਲ ਨੂੰ ਸਤ ਸਤ ਕਰਕੇ

* ਅੱਜ ਤੋਂ ੧੬੩ ਸਾਲ ਪਹਿਲਾਂ

ਮੰਨਿਆ ਹੈ। ਸੋਈ ਉਸਦੇ (ਸ੍ਰੀ ਦਸਮੇਸ਼ ਜੀ ਦੇ) ਤੱਤ ਦਰਸੀ ਗੁਰਮਤਿ ਅਸੂਲਾਂ ਉਤੇ ਚਲਣਹਾਰੇ ਗੁਰਸਿਖਾਂ ਨੂੰ ਹਰ ਸੂਰਤ ਵਿਚ ਆਸ਼ਕਾਰਕ (ਨਿਸਚਿਤ) ਹੈ। ਗੁਰਮਤਿ ਅਸੂਲਾਂ ਦੇ ਢਿਲੜਾਂ ਨੂੰ ਕਿਸੇ ਸੂਰਤ ਵਿਚ ਹੀ ਕਿਸੇ ਭੀ ਗੁਰੂ ਸਾਹਿਬ ਦਾ ਕੋਈ ਅਸੂਲ ਗੁਰ ਨਾਨਕ ਦਸਮੇਸ਼ ਬਾਣੀ ਦੇ ਅੰਦਰ ਦਰਸਾਇਆ ਦ੍ਰਿੜ੍ਹਾਇਆ ਮਨਜ਼ੂਰ ਨਹੀਂ। ਐਸੇ ਢਿੱਲੜ ਪੁਰਸ਼ਾਂ ਨੂੰ ਤੱਤ ਗੁਰਮਤੀ ਵਿਰਲੇ ਜਨਾਂ ਦੀ ਕੌਡੀ ਜਿੰਨੀ ਭੀ ਕਦਰ ਨਹੀਂ। ਤਿਨ੍ਹਾਂ ਢਿੱਲੜ ਪੁਰਸ਼ਾਂ ਨੂੰ ਕੇਵਲ ਲੋਕਾਚਾਰੀ ਅਹੰ-ਮਤਿ ਹੀ ਮਨਜ਼ੂਰ ਹੈ। ਐਸੇ ਅਹੰਮਤੀ ਲੋਕ ਸਦਾ ਹੀ ਆਨਮਤਾਂ ਦੀ ਗਿਰਦਾਵ (ਘੁੰਮਣ-ਘੇਰੀ) ਅੰਦਰ ਭੰਬਲ-ਭੂਸੇ ਖਾਂਦੇ ਰਹਿਣਗੇ। ਉਨ੍ਹਾਂ ਦੇ ਆਪੋਂ ਅਤੇ ਮਨੋ-ਮਨੀ ਅਖ਼ਤਿਆਰ ਕੀਤੇ ਆਨਮਤ ਕੁਠਾਲੀ ਹੇਠ ਢਲੇ ਹੋਏ ਢਿਲੇ-ਮਿਸੇ ਅਸੂਲਾਂ ਦੀ ਕਦੇ ਅਤੇ ਕਿਤੇ ਭੀ ਕਦਰ ਨਹੀਂ ਪੈਣੀ। ਉਨ੍ਹਾਂ ਦੀ ਦਸ਼ਾ ਓੜਕ ਉਸ ਧੋਬੀ ਦੇ ਕੁਤੇ ਨਿਆਈਂ ਹੀ ਰਹਿਣੀ ਹੈ ਜੋ 'ਘਰ ਦੇ ਨਾ ਘਾਟ ਦੇ' ਦੀ ਜ਼ਰਬੁਲ-ਮਿਸਲ (ਅਖਾਣ) ਅਨੁਸਾਰ ਸਦਾ ਦੁ-ਫ਼ਸਲੇ ਹੀ ਰਹਿਣੇ ਹਨ।

ਪਿਛਲੇ ਲੇਖਾਂ ਵਿਚ ਇਹ ਗੱਲ ਭਲੀ ਪਰਕਾਰ ਸਿੱਧ ਹੋ ਚੁੱਕੀ ਹੈ ਕਿ ਤੱਤ ਗੁਰਮਤਿ ਦੇ ਅਨੁਸਾਰ ਸੋਈ ਜਨ ਹਨ ਜੋ ਆਨਮਤੀਆਂ ਦੀ ਕੁਚਾਲੇ ਚੱਲ ਕੇ ਆਪਣੀ ਗੀਦੀ-ਪੁਣੇ ਦੀ ਮਤਿ ਨਹੀਂ ਚਲਾਂਦੇ। ਪਿਛਾਂਹ-ਖਿਚੂ ਅਨਮਤੀ ਕੁਚਾਲ ਅਨੁਸਾਰ ਚਲਣ ਵਾਲੇ ਤੱਤ ਗੁਰਮਤਿ ਦੀ ਸਾਰ ਹੀ ਨਹੀਂ ਜਾਣ ਸਕਦੇ। ਅਜਿਹੇ ਪਿਛਾਂਹ ਖਿਚੂਆਂ ਦੀ ਬੁਧ-ਹੀਣੀ ਮਤ ਦੇ ਅਧੀਨ ਹੋ ਕੇ ਤੱਤ ਗੁਰਮਤਿ ਤੋਂ ਹੀਣੇ ਕਈ-ਇਕ ਮਨਮਤਿ ਸੰਚਾਲੂਆਂ ਨੇ ਮਨ-ਘੜਤ ਸਾਖੀਆਂ ਭੀ ਘੜ ਲਈਆਂ ਹਨ, ਪਰ ਤੱਤ ਗੁਰਮਤਿ ਦੀ ਕਸਵੱਟੀ ਉਤੇ ਚਲਣਹਾਰੇ ਵਿਰਲੇ ਜਨਾਂ ਨੇ ਉਨ੍ਹਾਂ ਗੁਰਮਤਿ ਤੋਂ ਗਿਰੀਆਂ ਹੋਈਆਂ ਮਨਮਤੀ ਰੀਤ ਦੀਆਂ ਸਾਖੀਆਂ ਨਹੀਂ ਸਹੇੜੀਆਂ, ਹਰਗਿਜ਼ ਨਹੀਂ ਸਹੇੜੀਆਂ। ਕਈ ਇਕ ਮਨਮਤੀ ਲਿਖਾਰੀਆਂ ਨੇ ਦੇਵੀ ਪੂਜਾ ਵੀ ਪ੍ਰਸਿਧ ਕੀਤੀ ਹੈ, ਪਰੰਤੂ ਤੱਤ ਗੁਰਮਤਿ ਉਤੇ ਚਲਣਹਾਰੇ ਐਸੇ ਵਿਰਲੇ ਜਨ ਹੀ ਹਨ ਜੋ ਕੇਵਲ ਗੁਰੂ ਸਾਹਿਬਾਨ ਦੀ ਦਰਸਾਈ ਅਤੇ ਦ੍ਰਿੜ੍ਹਾਈ ਸੁਮੱਤ ਨੂੰ ਹੀ ਮੁਖ ਰਖਦੇ ਹਨ ਅਤੇ ਦੇਵੀ ਦੀ ਪੂਜਾ ਨੂੰ ਇਕ ਘਟੀਆ ਦਰਜੇ ਦੇ

ਮਨਮੁਖਾਂ ਦੀ ਕੁਚਾਲ ਚਲਾਈ ਹੋਈ ਸਮਝ ਕੇ ਤਿਸ ਦੇਵੀ ਪੂਜਾ ਦਾ ਤੱਤ ਕਾਲ ਹੀ ਪ੍ਰੀਤਿਆਗ ਅਤੇ ਪਰਹਾਰ ਕਰ ਦਿੰਦੇ ਹਨ। ਤੱਤ ਗੁਰਮਤਿ ਤੇ ਚਲਣਹਾਰਿਆਂ ਨੂੰ ਇਹ ਗੱਲ ਉਕੀ ਹੀ ਨਹੀਂ ਭਾਉਂਦੀ ਕਿ ਅਨਮਤੀਆਂ ਦੀ ਚਲਾਈ ਹੋਈ ਕੁਮੱਤ ਅਤੇ ਕੁਰੀਸ ਦੇ ਅਨੁਸਾਰੀ ਬਣਨ। **ਅਸਾਡੇ ਗੁਰਮਤਿ-ਇਤਿਹਾਸਾਂ ਅੰਦਰ ਇਸ ਪ੍ਰਕਾਰ ਦੀ ਕੁਮੱਤ ਦਾ ਮਿਲਗੋਭਾ ਬਹੁਤ ਮਿਲਿਆ ਹੋਇਆ ਹੈ, ਜਿਸ ਦੀ ਛਾਣ-ਬੀਣ ਕੇਵਲ ਸੱਚ ਗੁਰਮਤਿ ਦੇ ਚਲਣਹਾਰੇ ਹੀ ਕਰ ਸਕਦੇ ਹਨ, ਜਿਨ੍ਹਾਂ ਨੂੰ ਆਪਣੇ ਸਤਿਗੁਰਾਂ ਦੇ ਦ੍ਰਿੜ੍ਹਾਏ ਗੁਰਮਤਿ ਦੇ ਬਚਨਾਂ ਉਤੇ ਤੱਤ ਭਰੋਸਾ ਹੈ।** ਐਸੇ ਜਨ ਕਦੇ ਵੀ ਡਿਗਦੇ ਡੋਲਦੇ ਨਹੀਂ ਅਤੇ ਸਤਿਗੁਰਾਂ ਦੀ ਦ੍ਰਿੜ੍ਹਾਈ ਤੱਤ ਗੁਰਮਤਿ ਉਤੇ ਸਦਾ ਹੀ ਕਾਇਮ ਰਹਿੰਦੇ ਹਨ। ਦਸਾਂ ਹੀ ਸਤਿਗੁਰੂ ਸਾਹਿਬਾਨ ਦੇ ਤੱਤ ਗੁਰਮਤਿ ਵਾਕਾਂ ਨੂੰ ਕੋਈ ਵਿਰਲਾ ਜਨ ਹੀ ਸਚ ਦੀ ਕਸਵਟੀ ਉਤੇ ਪਰਖਦਾ ਹੈ, ਨਹੀਂ ਤਾਂ ਸਭ ਦੇਖਾ ਦੇਖੀ ਹੀ ਅਨਮਤੀਆਂ ਦੀ ਚਲਾਈ ਕੁਚਾਲ ਉਤੇ ਚਲੀ ਜਾਂਦੇ ਹਨ। **ਸਾਡੀਆਂ ਗੁਰੂ ਘਰ ਦੀਆਂ ਰਵਾਇਤੀ ਸਾਖੀਆਂ ਅੰਦਰ ਭੀ ਅਨੇਕ ਪਰਕਾਰੀ ਮਨ-ਘੜਤੀ ਮਿਲਗੋਭਾ ਪਾਇਆ ਜਾਂਦਾ ਹੈ। ਇਹ ਕੇਵਲ ਅਸੀਂ ਸਤਿਗੁਰ ਦੀ ਦ੍ਰਿੜ੍ਹਾਈ ਸਚੀ ਸੁਮਤ ਅਨੁਸਾਰ ਹੀ ਪਰਖ ਸਕਦੇ ਹਾਂ ਕਿ ਕਿਹੜੀ ਸਾਖੀ ਸਚੀ ਅਤੇ ਕਿਹੜੀ ਮਨ ਘੜਤ ਹੈ,** ਪਰੰਤੂ ਸੁਖ ਰਹਿਣੀ ਰਹਿਤ ਵਾਲੇ ਕੁਰਹਿਤ-ਰਹਿਤੀਏ ਜਨਾਂ ਨੂੰ ਉਹ ਕੁਰਹਿਤ ਹੀ ਭਾਉਂਦੀ ਹੈ ਜਿਸ ਉਤੇ ਚਲਣਾ ਸੁਖਾਲਾ ਹੋਵੇ। ਐਸੇ ਇਸੇ ਸੁਖਾਲੇਪੁਣੇ ਦੇ ਕੁਚਾਲੂਆਂ ਨੇ ਇਸ ਗੱਲ ਦੀ ਹਰਗਿਜ਼ ਪਰਵਾਹ ਨਹੀਂ ਕੀਤੀ ਕਿ ਗੁਰਮਤਿ ਦ੍ਰਿੜ੍ਹਾਈ ਗਾਖੜੀ ਕਾਰ ਨੂੰ ਅੰਗੀਕਾਰ ਕਰਨ। ਉਹ ਤਾਂ ਹੌਲੇ ਮੱਤ ਦੇ ਹੌਲਾਪਨ ਅਤੇ ਸੁਖਾਲਾਪਨ ਦੇ ਸੁਖਾਲੂ ਹੀ ਹੋਏ ਚਲੇ ਜਾਂਦੇ ਹਨ। ਕਈ ਲੋਕ ਤਾਂ ਇਸ ਸ਼ਰੇਣੀ ਵਿਚੋਂ ਐਸੇ ਵੀ ਵੇਖੇ ਗਏ ਹਨ ਕਿ ਆਪਣੇ ਮਨ ਮੱਤ ਦੀ ਉਸਾਰੀ ਹੋਈ ਕੋਝੀ ਮਤਿ ਨੂੰ ਹੀ ਤੱਤ ਗੁਰਮਤਿ ਗਰਦਾਨਣ ਲੱਗ ਜਾਂਦੇ ਹਨ ਅਤੇ ਸਾਰੀ ਉਮਰ ਇਹੀ ਉਲਟਾ ਪ੍ਰਚਾਰ ਕਰਦੇ ਹਨ, ਜੈਸੀ ਕਿ ਉਨ੍ਹਾਂ ਦੀ ਹੋਛੀ ਮਤਿ ਇਹ ਹੋਛਾਪਣ ਸਿਖਾਉਣ ਦੀ ਬਿਧ ਚਾਹੁੰਦੀ ਹੈ। ਮਿਸਾਲ ਦੇ ਤੌਰ ਤੇ ਨਾਮਧਾਰੀ **ਕੂਕਿਆਂ ਨੇ ਸੌ ਸਾਖੀ ਅੰਦਰ**

ਇਹ ਮਨ-ਘੜਤ ਕੁਸਾਖੀ ਰਲਾ ਲਈ ਸੀ, ਜਿਸ ਤੋਂ ਉਨ੍ਹਾਂ ਨੇ ਕੂਕੇ ਰਾਮ ਸਿੰਘ ਨੂੰ ਇਕ ਬਲਵਾਨ ਰਾਜਾ ਥਾਪ ਛਡਿਆ ਸੀ। ਪਰੰਤੂ ਇਸ ਸਾਖੀ ਦੀ ਛਾਣ ਬੀਣ ਛੇਤੀ ਹੀ ਹੋ ਗਈ ਅਤੇ ਇਸ ਮਨ-ਘੜਤ ਕੁਸਾਖੀ ਨੂੰ ਸੋਧ ਸਾਧ ਕੇ ਸੌ ਸਾਖੀ ਅੰਦਰੋਂ ਕੱਢਣਾ ਪਿਆ। ਏਸੇ ਪਰਕਾਰ ਹੋਰ ਗੁਰੂ ਘਰ ਦੀਆਂ ਸਾਖੀਆਂ ਵਿਚ ਆਈ ਮਨਮਤਿ ਨੂੰ ਵੀ ਸਮਝ ਲਵੋ, ਜਿਸ ਦੀ ਕੇਵਲ ਤੱਤ ਗੁਰਮਤਿ ਦੇ ਅਨੁਸਾਰੀ ਵਿਰਲੇ ਜਨ ਹੀ ਜਾਂਚ ਪੜਤਾਲ ਕਰ ਸਕਦੇ ਹਨ। ਤੱਤ ਗੁਰਮਤਿ ਤੋਂ ਊਗੀ ਅਤੇ ਊਣੀ ਅਨਮਤਿ ਵਾਲੇ ਅਨਵਿਚਾਰੀ ਹੀ ਅਜਿਹੀ ਢਿੱਲੀ ਮੱਤ ਦਾ ਸ਼ੋਸ਼ਾ ਘੜ ਲਿਆ ਕਰਦੇ ਹਨ। ਉਹ ਤੁਛ ਮਨਮੱਤ ਦਵਾਰਾ ਘੜਿਆ ਹੋਇਆ ਸ਼ੋਸ਼ਾ ਪੂਰਨ ਤੱਤ ਗੁਰਮਤਿ ਨਹੀਂ ਹੁੰਦੀ, ਕੇਵਲ ਘਾਟੇ ਦੇ ਸੌਦੇ ਵਾਲੀ ਮਨਘੜਤ ਹੀ ਹੁੰਦੀ ਹੈ। ਅਸਲ ਗੱਲ ਇਹ ਹੈ ਕਿ ਤੱਤ ਗੁਰਮਤਿ ਉਤੇ ਚਲਣਾ ਬੜਾ ਹੀ ਮੁਹਾਲ ਹੈ। ਆਮ ਬੁਧੀਸ਼ਰਾਂ ਦੀ ਬੁਧੀ ਉਹ ਕੁਛ ਗ੍ਰਹਿਣ ਕਰਦੀ ਹੈ ਜੋ ਉਨ੍ਹਾਂ ਦੀ ਨਿਜ ਗ੍ਰਹਿਣ ਕੀਤੀ ਹੋਈ ਹੋਵੇ, ਮਨਮਤਿ ਅਨੁਸਾਰ ਨਿਰੀ ਸੁਖ-ਰਹਿਣੀ ਕੁਰਹਿਤ ਹੀ ਹੋਵੇ। **ਅਜਿਹੀਆਂ ਮਨ-ਘੜਤ ਸਾਖੀਆਂ ਨੂੰ ਸਚੀ ਤੱਤ ਗੁਰਮਤਿ ਤੋਂ ਨਿਖੇੜਨਾ ਕੋਈ ਸੌਖਾ ਕੰਮ ਨਹੀਂ, ਬੜਾ ਹੀ ਔਖਾ ਕਾਰਜ ਹੈ।** ਸਾਡੀਆਂ ਸਾਖੀਆਂ ਦੇ ਪੱਤਰਾਂ ਤੇ ਪੱਤਰ ਨਿਰੀ ਮਨਮਤਿ ਅਨੁਸਾਰ ਹੀ ਭਰੇ ਪਏ ਹਨ, ਜਿਨ੍ਹਾਂ ਨੂੰ ਤੱਤ ਗੁਰਮਤਿ ਅਨੁਸਾਰ ਵਿਰਲੇ ਜਨਾਂ ਰਾਹੀਂ ਨਿਖੇੜਿਆ ਅਤੇ ਨਿਬੇੜਿਆ ਜਾ ਸਕਦਾ ਹੈ। ਸਾਡੇ ਸਤਿਗੁਰਾਂ ਨੇ ਅਸਾਨੂੰ (ਗੁਰਸਿਖਾਂ ਨੂੰ) ਸੋ ਕੁਛ ਦਰਸਾਇਆ ਅਤੇ ਦ੍ਰਿੜ੍ਹਾਇਆ ਜੋ ਅਸਾਡੇ ਤੱਤ ਗੁਰਮਤਿ ਉਤੇ ਮਨ-ਬਚਨ-ਕਰਮ ਕਰਕੇ ਚਲਣਾ ਸਚਮੁਚ ਹੀ ਵਿਰਲੇ ਜਨਾਂ ਦਾ ਕੰਮ ਹੈ। ਜਣਾ ਖਣਾ ਇਸ ਤੱਤ ਗੁਰਮਤਿ ਦੀ ਸਾਰ ਨਹੀਂ ਜਾਣ ਸਕਦਾ। ਗੁਰਮਤਿ ਮਤ ਐਸੀ ਉੱਚੀ ਹੈ ਕਿ ਕੇਵਲ ਗੁਰਮਤਿ ਉਤੇ ਚਲਣ ਵਾਲੇ ਵਿਰਲੇ ਗਿਆਨੀਆਂ ਨੂੰ ਹੀ ਅਉੜਦੀ ਹੈ। ਯਥਾ ਗੁਰਵਾਕ:—

ਗੁਰਮਤਿ ਊਚੋ ਊਚੀ ਪਉੜੀ॥ ਗਿਆਨਿ ਰਤਨਿ ਹਉਮੈ ਮਾਰੀ ਹੇ॥

ਮਾਰੂ ਮ: ੩,॥੪॥੭॥ (੧੦੫੦)

ਗੁਰਮਤਿ ਮਤਿ ਅਤੀ ਉਤਮ ਹੈ, ਕੇਵਲ ਸਤਸੰਗ ਵਿਚ ਰਤੇ ਸਤਿਸੰਗੀਆਂ ਨੂੰ ਭਲੀ ਬਿਧ ਫਬਦੀ ਹੈ। ਯਥਾ ਗੁਰਵਾਕ :—

ਗੁਰਮਤਿ ਊਤਮ ਸੰਗਿ ਸਾਥਿ॥

ਹਰਿਨਾਮੁ ਰਸਾਇਣੁ ਸਹਜਿ ਆਥਿ॥੧॥ (੧੧੭੬)

ਗੁਰਮਤਿ ਮਤ ਦੀ ਮਹਿਮਾ ਇਸ ਅਗਲੇ ਸ਼ਬਦ ਅੰਦਰ ਖ਼ੂਬ ਭਲੀ ਭਾਂਤ ਵਰਨਣ ਕੀਤੀ ਗਈ ਹੈ। ਯਥਾ ਗੁਰਵਾਕ :—

.....ਗੁਰਮਤਿ ਲੇਵਹੁ ਹਰਿ ਲਿਵ ਤਰੀਐ॥.....॥੩॥.....ਰਹੈ ਅਤੀਤੁ ਗੁਰਮਤਿ ਲੇ ਊਪਰਿ ਹਰਿ ਨਿਰਭਉ ਕੈ ਘਰਿ ਪਾਇਆ॥੬॥ .....ਜਿਸੁ ਰਾਮੁ ਨਾਮੁ ਨਾਹੀ ਮਤਿ ਗੁਰਮਤਿ ਸੋ ਜਮਪੁਰਿ ਬੰਧਿ ਚਲਾਇਆ॥੮॥.....ਗੁਰਮਤਿ ਲੇਹੁ ਤਰਹੁ ਭਵ ਦੁਤਰੁ ਮੁਕਤਿ ਭਏ ਸੁਖੁ ਪਾਇਆ॥੯॥ ਗੁਰਮਤਿ ਕ੍ਰਿਸ਼ਨਿ ਗੋਵਰਧਨ ਧਾਰੇ॥ ਗੁਰਮਤਿ ਸਾਇਰਿ ਪਾਹਣ ਤਾਰੇ॥ ਗੁਰਮਤਿ ਲੇਹੁ ਪਰਮ ਪਦੁ ਪਾਈਐ ਨਾਨਕ ਗੁਰਿ ਭਰਮੁ ਚੁਕਾਇਆ॥੧੦॥ ਗੁਰਮਤਿ ਲੇਹੁ ਤਰਹੁ ਸਚ ਤਾਰੀ॥੧੧॥ ਗੁਰਮਤਿ ਪੰਚ ਸਖੇ ਗੁਰ ਭਾਈ॥ ਗੁਰਮਤਿ ਅਗਨਿ ਨਿਵਾਰਿ ਸਮਾਈ॥.....॥੧੨॥ ਗੁਰਮਤਿ ਬੋਲਹੁ ਹਰਿ ਜਸੁ ਸੂਚਾ॥ ਗੁਰਮਤਿ ਆਖੀ ਦੇਖਹੁ ਊਚਾ॥

ਮਾਰੂ ਮ: ੧, ॥੧੫॥੩॥੨੦॥ (੧੦੪੦-੪੧)

ਗੁਰਮਤਿ ਮਤਿ ਐਸੀ ਉਤਮ ਹੈ ਕਿ ਵਿਰਲੇ ਗੁਰਮਤਿ ਜਾਨਣ-ਹਾਰੇ ਇਸ ਅਲਖ ਮਤਿ ਨੂੰ ਲਖ ਸਕਦੇ ਹਨ ਤੇ ਤਿੰਨ੍ਹਾਂ ਦਾ ਹੀ ਨਿਸਤਾਰਾ ਹੁੰਦਾ ਹੈ। ਯਥਾ ਗੁਰਵਾਕ :—

ਗੁਰਮਤਿ ਅਲਖੁ ਲਖਾਈਐ ਊਤਮ ਮਤਿ ਤਰਾਹਿ॥

ਮਾਰੂ ਵਾਰ, ਸਲੋਕ ਮ: ੩, ॥੧॥੧੯॥ (੧੦੯੩)

ਗੁਰਮਤਿ ਮਤਿ ਤਿਨ੍ਹਾਂ ਵਿਰਲੇ ਗੁਰਮੁਖ ਜਨਾਂ ਨੂੰ ਹੀ ਆਉਂਦੀ ਹੈ ਜੋ ਸਦਾ ਸਹਿਜ ਪਦ ਵਿਚ ਖੇਡਦੇ ਰਹਿੰਦੇ ਹਨ। ਯਥਾ ਗੁਰਵਾਕ—

"ਗੁਰਮਤਿ ਸਹਜੇ ਨਾਮੁ ਧਿਆਏ।"

ਰਾਗੁ ਸੂਹੀ ਛੰਤ, ਮ: ੩, ॥੨॥੧॥ (੭੬੭)

ਗੁਰਮਤਿ ਉਤੇ ਚਲਣਹਾਰੇ ਗੁਰਮੁਖ ਜਨਾਂ ਦੀ ਚਾਲ ਢਾਲ ਸਦਾ ਨਿਰਾਲੀ ਹੀ ਰਹਿੰਦੀ ਹੈ ਉਹ ਕਦੇ ਨਹੀਂ ਡੋਲਦੇ। ਸਹਿਜ ਪਦ ਵਿਚ ਹੀ ਖੇਡਦੇ ਰਹਿੰਦੇ ਹਨ ਤੇ ਗੁਰਮਤਿ ਨਾਮ ਅੰਮ੍ਰਿਤ ਨੂੰ ਪੀ ਕੇ ਗੁਰਮਤਿ ਤੱਤ ਨੂੰ ਹੀ ਵਰੋਲਦੇ ਰਹਿੰਦੇ ਹਨ। ਦੁਰਮਤਿ ਮਤਿ ਇਹਨਾਂ ਦੇ ਨੇੜੇ ਨਹੀਂ ਆਉਂਦੀ। ਯਥਾ-ਗੁਰਵਾਕ :—

ਗੁਰਮਤਿ ਚਾਲ ਨਿਹਚਲ ਨਹੀ ਡੋਲੈ॥ ਗੁਰਮਤਿ ਸਾਚਿ ਸਹਿਜ ਹਰਿ ਬੋਲੈ॥ ਪੀਵੈ ਅੰਮ੍ਰਿਤੁ ਤਤੁ ਵਿਰੋਲੈ॥

ਗਉੜੀ ਮ: ੧, ॥੩॥੧੫॥ (੨੨੭)

ਗੁਰਮਤਿ ਮਤਿ ਹੀ ਸਾਚੇ ਗੁਰਮਤਿ ਵੀਚਾਰ ਵਾਲੀ ਮਤਿ ਹੈ। ਇਹ ਵਿਰਲੇ ਗੁਰਮੁਖ ਜਨਾਂ ਨੂੰ ਹੀ ਆਉਂਦੀ ਹੈ। ਯਥਾ ਗੁਰਵਾਕ—

ਗੁਰਮਤਿ ਸਾਚੀ ਸਾਚਾ ਵੀਚਾਰੁ॥ ਧਨਾਸਰੀ ਮ:੩,॥੧॥੮॥ (੬੬੬)

ਪਿਛਲੇਰੇ ਗੁਰਵਾਕਾਂ ਦੀ ਰੌਸ਼ਨੀ ਅੰਦਰ ਇਹ ਗੱਲ ਅਤੀ ਭਲੀ ਬਿਧ ਸਿਧ ਹੋ ਗਈ ਕਿ ਗੁਰੂ ਸਾਹਿਬਾਨ, ਖ਼ਾਸ ਕਰ ਗੁਰੂ ਦਸਮੇਸ਼ ਜੀ ਦੇ ਉਚੇ ਸੁਚੇ ਤੱਤ ਗੁਰਮਤਿ ਅਸੂਲਾਂ ਦਾ ਜੋ ਵੀ ਪਾਲਣ ਕਰੇਗਾ ਉਹ ਨਿਸਤਰੇਗਾ। ਮਿਸਾਲ ਦੇ ਤੌਰ ਤੇ ਗੁਰੂ ਸਾਹਿਬਾਨ, ਖ਼ਾਸ ਕਰਕੇ ਗੁਰੂ ਦਸਮੇਸ਼ ਜੀ ਨੇ ਇਹ ਗੱਲ ਭਲੀ-ਬਿਧ ਦ੍ਰਿੜ੍ਹਾ ਦਿਤੀ ਕਿ **ਨੜੀ-ਮਾਰ, ਕੁੜੀ ਮਾਰ ਦੇ ਨਾਲ ਜੋ ਪੁਰਸ਼ ਵਰਤੇਗਾ ਉਹ ਗੁਰਮਤਿ ਤੋਂ ਕੋਸੋਂ ਦੂਰ ਹੈ। ਨੜੀਮਾਰ ਦਾ ਜੂਠਾ ਖਾਣ ਵਾਲੇ ਕਦੇ ਵੀ ਤੱਤ ਗੁਰਮਤਿ ਤੇ ਨਹੀਂ ਚਲ ਸਕਦੇ।** ਜੋ ਚਲਣਗੇ ਸੋ ਤੱਤ ਗੁਰਮਤਿ ਤੋਂ ਬਹੁਤ ਦੁਰੇਡੇ (ਦੂਰ) ਰਹਿਣਗੇ। ਇਹ ਗੱਲ ਖ਼ਾਸ ਕਰਕੇ ਅਕਾਲੀਆਂ ਦੇ ਅਖ਼ਬਾਰਾਂ ਦਵਾਰਾ ਅਛੀ ਤਰ੍ਹਾਂ ਸਿੱਧ ਹੋ ਚੁਕੀ ਹੈ ਕਿ ਚਾਹ ਵਿਚ ਤਮਾਕੂ ਮਿਲਦਾ ਹੈ। ਤਾਂਤੇ ਚਾਹ ਦੇ ਵਰਤਣ ਵਾਲੇ ਜ਼ਰੂਰ ਤਮਾਕੂ ਖਾਣਗੇ। ਤੱਤ ਗੁਰਮਤਿ-ਦਰਸੀਆਂ ਨੂੰ ਇਹ ਗੱਲ ਹਰਗਿਜ਼ ਮਨਜ਼ੂਰ ਨਹੀਂ ਕਿ ਉਹ ਤਮਾਕੂ ਖਾਣ (ਜਾਂ ਵਰਤਣ)। ਤਾਂਤੇ

---

* ਇੱਕ ਵੇਰਾਂ ੧੯੫੫-੫੬ ਵਿਚ ੧੨ ਮਣ ਚਾਹ ਪਤੀ ਤਮਾਕੂ ਦੀ ਪੁਠ ਵਾਲੀ ਅੰਮ੍ਰਿਤਸਰ ਵਿਚ ਫੜੇ ਜਾਣ ਦੀ ਖ਼ਬਰ ਅਖ਼ਬਾਰਾਂ ਵਿਚ ਛਪੀ ਸੀ, ਜਿਸ ਕਰਕੇ ਇਹ ਸਤਰਾਂ ਲਿਖੀਆਂ ਗਈਆਂ ਸਨ।

ਤਮਾਕੂ ਖਾਣਾ ਗੁਰੂ ਸਾਹਿਬਾਨ ਦੀ ਦਰਸਾਈ ਮੱਤ ਅਨੁਸਾਰ ਅਤਿਅੰਤ ਵਿਰੁੱਧ ਹੈ।*

ਤੱਤ ਸਾਰ ਇਹ ਹੀ ਹੈ, ਐਸਾ ਕੋ ਵਿਰਲਾ ਜਨ ਹੀ ਇਸ ਜਗਤ ਵਿਖੇ ਆਇਆ ਹੈ, ਜਿਸ ਨੇ ਵਡੇ ਭਾਗਾਂ ਕਰਕੇ ਵਾਹਿਗੁਰੂ ਨਾਮ ਨੂੰ ਧਿਆਇਆ, ਅਠੋਂ ਪਹਿਰ ਵਾਹਿਗੁਰੂ ਸਚੇ ਖਸਮ ਨੂੰ ਧਿਆਉਣ ਵਿਚ ਮਗਨ ਰਿਹਾ ਹੈ। ਤਿਨ੍ਹਾਂ ਨਾਮ ਨੂੰ ਧਿਆਉਣ ਵਾਲੇ ਗੁਰਮੁਖ ਜਨਾਂ ਸੰਗ ਹੀ ਸਭ ਦਾ ਨਿਸਤਾਰਾ ਹੈ। ਐਸੇ ਗੁਰਮੁਖ ਜਨ ਪਰਵਾਰ ਸੁਧਾਰ ਹੋਏ ਹਨ। ਇਹ ਸਾਰਾ ਗੁਰਵਾਕ ਨਾਮ ਦੀ ਮਹਿਮਾ ਨੂੰ ਹੀ ਦ੍ਰਿੜ੍ਹਾਉਂਦਾ ਹੈ। ਤਾਂ ਤੇ ਨਾਮ ਤੋਂ ਘੁਥੇ ਹੋਏ ਪ੍ਰਾਣੀ ਕਦੇ ਵੀ ਗੁਰਮਤਿ ਤੱਤ ਸਾਰ ਨੂੰ ਨਹੀਂ ਜਾਣ ਸਕਦੇ। ਯਥਾ ਗੁਰਵਾਕ—

ਐਸਾ ਕੋ ਵਡਭਾਗੀ ਆਇਆ॥ ਆਠ ਪਹਰ ਜਿਨਿ ਖਸਮੁ ਧਿਆਇਆ॥ ਤਿਸੁ ਜਨ ਕੈ ਸੰਗਿ ਤਰੈ ਸਭੁ ਕੋਈ ਸੋ ਪਰਵਾਰ ਸਧਾਰਣਾ॥੧੫॥ ਇਹ ਬਖਸੀਸ ਖਸਮ ਤੇ ਪਾਵਾ॥ ਆਠ ਪਹਰ ਕਰ ਜੋੜਿ ਧਿਆਵਾ॥ ਨਾਮੁ ਜਪੀ ਨਾਮਿ ਸਹਜਿ ਸਮਾਵਾ ਨਾਮੁ ਨਾਨਕ ਮਿਲੈ ਉਚਾਰਣਾ॥

ਮਾਰੂ ਸੋਲਹੇ ਮ: ੫,॥੧੬॥੧॥੬॥ (੧੦੭੭)

ਐਨ ਇਸੇ ਗੱਲ ਦੀ ਪ੍ਰੋੜ੍ਹਤਾ ਅਗਲੇ ਗੁਰਵਾਕ ਇਨ ਬਿਨ ਕਰਦੇ ਹਨ। ਯਥਾ—

ਵਿਰਲੇ ਕਉ ਗੁਰਿ ਸਬਦੁ ਸੁਣਾਇਆ॥ ਕਰਿ ਕਰਿ ਦੇਖੈ ਹੁਕਮੁ ਸਬਾਇਆ॥ ਮਾਰੂ ਮ: ੧, ॥੧੫॥੩॥੧੫॥ (੧੦੩੬)

ਤਥਾ—**ਸਭਿ ਰਸ ਦੇਹੀ ਅੰਦਰਿ ਪਾਏ॥ ਵਿਰਲੇ ਕਉ ਗੁਰੁ ਸਬਦੁ ਬੁਝਾਏ॥ ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ॥**

ਮਾਰੂ ਮ: ੩,॥੬॥੪॥੧੩॥ (੧੦੫੬)

ਤਥਾ—**ਵਿਰਲੇ ਕਉ ਗੁਰ ਸਬਦੁ ਬੁਝਾਏ॥
ਸਤਿਗੁਰੁ ਸੇਵਹਿ ਸੇ ਜਨ ਸਾਚੇ ਕਾਟੇ ਜਮ ਕਾ ਫਾਹਾ ਹੇ॥**

ਮਾਰੂ ਮ: ੩,॥੫॥੧॥੧੦॥ (੧੦੫੩)

ਤਾਂ ਤੇ ਇਹ ਸੋਝੀ ਕਿਸੇ ਵਿਰਲੇ ਗੁਰਮੁਖ ਜਨ ਨੂੰ ਪੈਂਦੀ ਹੈ। ਕੋਈ ਵਿਰਲਾ ਜਨ ਹੀ ਇਸ ਸਚੀ ਸੋਝੀ ਦੁਆਰਾ ਆਪਣੇ ਮਨ ਨੂੰ ਸਮਝਾਉਂਦਾ ਏ। ਅੰਤ ਛੁਟਕਾਰਾ ਨਾਮ ਸ਼ਬਦ ਦੁਆਰਾ ਹੀ ਹੈ,

ਯਥਾ ਗੁਰਵਾਕ—

ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ॥ ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ॥

ਸਿਰੀ ਰਾਗੁ ਮ: ੧, ॥੮॥੧੪॥ (੬੨)

ਐਸਾ ਕੋਈ ਵਿਰਲਾ ਜਨ ਹੀ ਹੈ ਜੋ ਗੁਰਮਤਿ ਤੱਤ ਦਾ ਸਾਰਗਰਾਹੀ ਹੈ। ਯਥਾ ਗੁਰਵਾਕ—

ਦਰਸਨ ਕੀ ਪਿਆਸ ਜਿਸੁ ਨਰ ਹੋਇ॥ ਏਕਤੁ ਰਾਚੈ ਪਰਹਰਿ ਦੋਇ॥ ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ॥ ਗੁਰਮੁਖਿ ਬੂਝੈ ਏਕ ਸਮਾਇ॥੧॥ ਤੇਰੇ ਦਰਸਨ ਕਉ ਕੇਤੀ ਬਿਲਲਾਇ॥ ਵਿਰਲਾ ਕੋ ਚੀਨਸਿ ਗੁਰਸਬਦ ਮਿਲਾਇ॥੧॥ ਰਹਾਉ॥

ਬਸੰਤੁ ਮ: ੧, ॥੧॥੩॥ (੧੧੮੮)

ਕੇਵਲ ਵਿਰਲੇ ਹੀ ਐਸੇ ਗੁਰਮੁਖ ਜਨ ਹਨ ਜੋ ਗੁਰਮਤਿ ਤੱਤ, ਮੁਖ ਰਖ ਕੇ ਆਪਣੇ ਜੀਵਨ ਬਤੀਤ ਕਰਦੇ ਹਨ। ਐਸੇ ਗੁਰਮਤਿ-ਅਨੁਸਾਰੀਆਂ ਤੋਂ ਬਿਨਾਂ ਹੋਰ ਸਭ ਜੱਗ ਘੁਥਾ ਜਾ ਰਿਹਾ ਹੈ, ਯਥਾ ਗੁਰਵਾਕ—

ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ॥ ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥ ਸਹਜੇ ਜਾਗੈ ਸਵੈ ਨ ਕੋਇ॥ ਪੂਰੇ ਗੁਰ ਤੇ ਬੂਝੈ ਜਨੁ ਕੋਇ॥੧॥ ਰਹਾਉ॥ ਅਸੰਤੁ ਅਨਾੜੀ ਕਦੇ ਨ ਬੂਝੈ॥ ਕਥਨੀ ਕਰੇ ਤੈ ਮਾਇਆ ਨਾਲਿ ਲੂਝੈ॥ ਅੰਧੁ ਅਗਿਆਨੀ ਕਦੇ ਨਾ ਸੀਝੈ॥੨॥ ਇਸੁ ਜਗ ਮਹਿ ਰਾਮ ਨਾਮਿ ਨਿਸਤਾਰਾ॥ ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ॥ ਆਪਿ ਤਰੈ ਸਗਲੇ ਕੁਲ ਉਧਾਰਾ॥੩॥ ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ॥

ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ॥ ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ॥

ਗਉੜੀ ਗੁਆਰੇਰੀ ਮ: ੩, ॥੪॥੧੦॥ (੧੬੦-੬੧)

ਐਸੀ ਵਡਿਆਈ ਗੁਰੂ ਘਰ ਨੂੰ ਹੀ ਹੈ ਕਿ ਗੁਰੂ ਨਾਨਕ ਸਾਹਿਬ ਦੇ ਘਰ ਦੇ ਗੁਰਮੁਖ ਜਨ ਹੀ ਤੱਤ ਗੁਰਮਤਿ ਅਨੁਸਾਰੀ ਹੁੰਦੇ ਹਨ, ਨਹੀਂ ਤਾਂ ਸਭ ਹੀ ਗੁਰਤੱਤ ਸਾਰ ਤੋਂ ਵਾਂਝੇ ਜਾਂਦੇ ਹਨ। ਯਥਾ ਗੁਰਵਾਕ—

ਸਤਿਗੁਰ ਵਿਚਿ ਵਡੀ ਵਡਿਆਈ॥ ਚਿਰੀ ਵਿਛੁੰਨੇ ਮੇਲਿ ਮਿਲਾਈ॥ ਆਪੇ ਮੇਲੇ ਮੇਲਿ ਮਿਲਾਏ॥ ਆਪਣੀ ਕੀਮਤਿ ਆਪੇ ਪਾਏ॥੧॥ ਹਰਿ ਕੀ ਕੀਮਤਿ ਕਿਨ ਬਿਧਿ ਹੋਇ॥ ਹਰਿ ਅਪਰੰਪਰੁ ਅਗਮ ਅਗੋਚਰੁ ਗੁਰ ਕੈ ਸਬਦਿ ਮਿਲੈ ਜਨੁ ਕੋਇ॥੧॥ ਰਹਾਉ॥ ਗੁਰਮੁਖਿ ਕੀਮਤਿ ਜਾਣੈ ਕੋਇ॥ ਵਿਰਲੇ ਕਰਮਿ ਪਰਾਪਤਿ ਹੋਇ॥ ਊਚੀ ਬਾਣੀ ਊਚਾ ਹੋਇ॥ ਗੁਰਮੁਖਿ ਸਬਦਿ ਵਖਾਣੈ ਕੋਇ॥੨॥ ਵਿਣੁ ਨਾਵੈ ਦੂਖੁ ਦਰਦੁ ਸਰੀਰਿ॥ ਸਤਿਗੁਰੁ ਭੇਟੈ ਤਾ ਉਤਰੈ ਪੀਰ॥ ਬਿਨੁ ਗੁਰ ਭੇਟੇ ਦੁਖੁ ਕਮਾਇ॥ ਮਨਮੁਖਿ ਬਹੁਤੀ ਮਿਲੈ ਸਜਾਇ॥੩॥ ਹਰਿ ਕਾ ਨਾਮੁ ਮੀਠਾ ਅਤਿ ਰਸੁ ਹੋਇ॥ ਪੀਵਤ ਰਹੈ ਪੀਆਏ ਸੋਇ॥ ਗੁਰ ਕਿਰਪਾ ਤੇ ਹਰਿ ਰਸੁ ਪਾਏ॥ ਨਾਨਕ ਨਾਮਿ ਰਤੇ ਗਤਿ ਪਾਏ॥

ਆਸਾ ਮ: ੩, ॥੪॥੩॥੪੨॥ (੩੬੧)

ਸਿੱਟਾ—ਐਸੇ ਜਨ ਸੰਸਾਰ ਵਿਖੇ ਵਿਰਲੇ ਹੀ ਹਨ ਜੋ ਗੁਰਮਤਿ ਤੱਤ ਦੇ ਵਿਰਲੇ ਜਨ ਹੋ ਕੇ ਨਿਰਾਲੇ ਹੀ ਅਲੇਪ ਵਰਤਦੇ ਹਨ, ਯਥਾ ਗੁਰਵਾਕ—

ਐਸੇ ਜਨ ਵਿਰਲੇ ਸੰਸਾਰੇ॥ ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ॥ ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ॥

ਮਾਰੂ ਮ: ੧, ॥੧੧॥੧॥੧੮॥ (੧੦੩੯)